ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 44
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 14 February, 2026) ਸ਼ਨੀਵਾਰ , 14 ਫਰਵਰੀ, 2026, 3 ਫੱਗਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਹੁਣ ਬਾਰ੍ਹਵੀਂ ਦੀਆਂ ਉੱਤਰ ਕਾਪੀਆਂ ਦੇ ਅੰਕਾਂ ਦਾ ਜੋੜ ਨਹੀਂ ਹੋਵੇਗਾ ਗ਼ਲਤ: ਸੀ.ਬੀ.ਐਸ.ਈ.

ਨਵੀਂ ਦਿੱਲੀ, 13 ਫਰਵਰੀ (ਚ.ਨ.ਸ.): ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਨੇ ਕਿਹਾ ਹੈ ਕਿ ਇਸ ਸਾਲ ਤੋਂ ਬਾਰ੍ਹਵੀਂ ਜਮਾਤ ਦੀਆਂ ਉੱਤਰ ਪੱਤਰੀਆਂ ਦੀ ਕੰਪਿਊਟਰ 'ਤੇ ਜਾਂਚ ਹੋਣ ਤੋਂ ਬਾਅਦ ਅੰਕਾਂ ਦਾ ਮੁਲਾਂਕਣ ਨਹੀਂ ਹੋਵੇਗਾ ਕਿਉਂਕਿ ਬੋਰਡ ਇਨ੍ਹਾਂ ਜਮਾਤਾਂ ਦੇ ਨਤੀਜੇ ਆਨ ਸਕਰੀਨ ਤਿਆਰ ਕਰੇਗਾ। ਇਹ ਜਾਣਕਾਰੀ ਸੀ.ਬੀ.ਐਸ.ਈ. ਅਧਿਕਾਰੀਆਂ ਨੇ ਅੱਜ ਲਾਈਵ ਵੈਬਕਾਸਟ ਜ਼ਰੀਏ ਸਾਂਝੀ ਕੀਤੀ ਤੇ ਇਸ ਸਾਲ ਤੋਂ ਕੀਤੇ ਗਏ ਤਿੰਨ ਮੁੱਖ ਬਦਲਾਅ ਬਾਰੇ ਵੀ ਦੱਸਿਆ। ਜਾਣਕਾਰੀ ਅਨੁਸਾਰ ਇਸ ਦੌਰਾਨ ਬੋਰਡ ਦੇ (ਬਾਕੀ ਸਫਾ 2 'ਤੇ)




### ਸੰਸਦ ਦੇ ਬਜਟ ਸੈਸ਼ਨ ਦਾ ਪਹਿਲਾ ਪੜਾਅ ਮੁਕੰਮਲ

## ਦੋਵੇਂ ਸਦਨਾਂ ਦੀ ਕਾਰਵਾਈ 9 ਮਾਰਚ ਤਕ ਮੁਲਤਵੀ

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 13 ਫਰਵਰੀ : ਸੰਸਦ ਦੇ ਬਜਟ ਸੈਸ਼ਨ ਦਾ ਪਹਿਲਾ ਪੜਾਅ ਸ਼ੁੱਕਰਵਾਰ ਨੂੰ ਸਮਾਪਤ ਹੋ ਗਿਆ ਅਤੇ ਲੋਕ ਸਭਾ ਤੇ ਰਾਜ ਸਭਾ ਦੀ ਕਾਰਵਾਈ 9 ਮਾਰਚ ਤਕ ਮੁਲਤਵੀ ਕਰ ਦਿਤੀ ਗਈ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਵਿਰੋਧੀ ਧਿਰ ਦੇ ਮੈਂਬਰਾਂ ਵਲੋਂ ਹੰਗਾਮੇ ਕਾਰਨ ਲੋਕ ਸਭਾ 'ਚ ਅੱਜ ਪ੍ਰਸ਼ਨਕਾਲ ਨਹੀਂ ਚਲ ਸਕਿਆ ਅਤੇ ਸਦਨ ਦੀ ਕਾਰਵਾਈ 9 ਮਾਰਚ ਨੂੰ ਸਵੇਰੇ 11 ਵਜੇ ਤਕ ਮੁਲਤਵੀ ਕਰ ਦਿਤੀ ਗਈ। ਇਕ ਵਾਰ ਮੁਲਤਵੀ ਕਰਨ ਤੋਂ ਬਾਅਦ ਜਦੋਂ ਸਦਨ ਦੀ ਕਾਰਵਾਈ ਦੁਪਹਿਰ 12 ਵਜੇ ਸ਼ੁਰੂ ਹੋਈ ਤਾਂ ਪ੍ਰੀਜ਼ਾਈਡਿੰਗ ਚੇਅਰਮੈਨ ਸੰਧਿਆ ਰਾਏ ਨੇ ਲੋੜੀਂਦੇ ਕਾਗਜ਼ਾਤ ਸਦਨ ਦੇ ਮੇਜ਼ ਉਤੇ ਰੱਖੇ ਅਤੇ ਫਿਰ ਸਦਨ ਦੀ ਕਾਰਵਾਈ 9 ਮਾਰਚ ਨੂੰ ਦੁਪਹਿਰ 12:06 ਵਜੇ ਤਕ ਮੁਲਤਵੀ ਕਰ ਦਿਤੀ।

ਇਸ ਤੋਂ ਪਹਿਲਾਂ ਸਵੇਰੇ ਮੀਟਿੰਗ ਸ਼ੁਰੂ ਹੁੰਦਿਆਂ ਹੀ ਪ੍ਰੀਜ਼ਾਈਡਿੰਗ ਚੇਅਰਮੈਨ ਸੰਧਿਆ ਰਾਏ ਨੇ ਸਾਬਕਾ ਸੰਸਦ ਮੈਂਬਰ ਡਾ. ਭਗਵਾਨ ਦਾਸ ਰਾਠੌਰ ਦੇ ਦੇਹਾਂਤ ਦੀ ਜਾਣਕਾਰੀ ਸਦਨ ਨੂੰ ਦਿਤੀ ਅਤੇ ਮੈਂਬਰਾਂ ਨੇ ਇਕ ਪਲ ਦਾ ਮੌਨ ਰੱਖ ਕੇ ਵਿਛੜੇ ਸਾਬਕਾ ਮੈਂਬਰ ਨੂੰ ਸ਼ਰਧਾਂਜਲੀ ਭੇਟ ਕੀਤੀ। ਜਿਵੇਂ ਹੀ ਪ੍ਰੀਜ਼ਾਈਡਿੰਗ ਚੇਅਰਮੈਨ ਨੇ ਪ੍ਰਸ਼ਨਕਾਲ ਸ਼ੁਰੂ ਕੀਤਾ, ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਕੇਂਦਰੀ ਮੰਤਰੀ ਪੁਰੀ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿਤੀ ਅਤੇ ਮੰਚ ਦੇ ਨੇੜੇ ਆ ਗਏ। ਇਸ ਦੌਰਾਨ ਕਾਂਗਰਸ ਦੇ ਸੰਸਦ ਮੈਂਬਰ ਉੱਜਵਲ ਰਮਨ ਸਿੰਘ ਨੇ ਅਪਣਾ ਪੂਰਕ ਸਵਾਲ ਪੁਛਿਆ, ਜਿਸ ਦਾ ਜਵਾਬ ਸਿਹਤ ਮੰਤਰੀ ਜੇ.ਪੀ. ਨੱਢਾ ਨੇ ਹੰਗਾਮੇ ਦੇ ਵਿਚਕਾਰ ਦਿਤਾ। ਪ੍ਰੀਜ਼ਾਈਡਿੰਗ ਚੇਅਰਮੈਨ ਸੰਧਿਆ ਰਾਏ ਨੇ ਹੰਗਾਮਾ ਕਰ ਰਹੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸੀਟਾਂ ਉਤੇ ਵਾਪਸ ਜਾਣ ਅਤੇ ਕਾਰਵਾਈ ਨੂੰ ਅੱਗੇ ਵਧਣ ਦੇਣ। ਹੰਗਾਮਾ ਨਾ ਹੋਣ ਤੋਂ ਬਾਅਦ ਉਨ੍ਹਾਂ ਨੇ ਪੰਜ ਮਿੰਟ ਬਾਅਦ ਦੁਪਹਿਰ 12 ਵਜੇ ਤਕ ਮੀਟਿੰਗ ਮੁਲਤਵੀ ਕਰ ਦਿਤੀ।

ਲੋਕ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਣ ਉਤੇ ਧੰਨਵਾਦ ਮਤੇ ਉਤੇ 2 ਫਰਵਰੀ ਤੋਂ ਚਰਚਾ ਸ਼ੁਰੂ ਹੋ ਗਈ ਸੀ। ਧੰਨਵਾਦ ਮਤੇ ਅਤੇ ਇਸ ਦੇ ਸਮਰਥਨ ਲਈ ਭਾਜਪਾ ਦੇ ਦੋ ਮੈਂਬਰਾਂ ਦੇ ਭਾਸ਼ਣ ਤੋਂ ਬਾਅਦ ਜਦੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ (ਬਾਕੀ ਸਫਾ 2 'ਤੇ)

## ਪ੍ਰਧਾਨ ਮੰਤਰੀ ਦੇ ਨਵੇਂ ਦ਼ਫਤਰ ਤੀਰਥ ਭਵਨ ਦਾ ਉਦਘਾਟਨ

### ਮੋਦੀ ਵੱਲੋਂ ਗ਼ਰੀਬਾਂ, ਕਿਸਾਨਾਂ, ਨੌਜਵਾਨਾਂ ਤੇ ਔਰਤਾਂ ਦੇ ਸਸ਼ਕਤੀਕਰਨ ਦੀਆਂ ਫਾਈਲਾਂ ਉੱਤੇ ਦਸਤਖ਼ਤ

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 13 ਫਰਵਰੀ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਨਵੇਂ ਪ੍ਰਧਾਨ ਮੰਤਰੀ ਦਫ਼ਤਰ ਕੰਪਲੈਕਸ ਦਾ ਉਦਘਾਟਨ ਕੀਤਾ, ਜਿਸ ਦਾ ਨਾਮ 'ਤੀਰਥ ਭਵਨ' ਰੱਖਿਆ ਗਿਆ ਹੈ। ਇਸ ਮੌਕੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਗਰੀਬਾਂ, ਕਿਸਾਨਾਂ, ਨੌਜਵਾਨਾਂ ਅਤੇ ਔਰਤਾਂ ਦੇ ਸਸ਼ਕਤੀਕਰਨ ਨਾਲ ਸਬੰਧਤ ਮਹੱਤਵਪੂਰਨ ਫਾਈਲਾਂ 'ਤੇ ਦਸਤਖਤ ਕੀਤੇ। ਹੁਣ ਤੱਕ ਪ੍ਰਧਾਨ ਮੰਤਰੀ ਦਫ਼ਤਰ, ਰਾਸ਼ਟਰੀ ਸੁਰੱਖਿਆ ਕੌਂਸਲ ਸਕੱਤਰੇਤ ਅਤੇ ਕੈਬਨਿਟ ਸਕੱਤਰੇਤ ਵੱਖ-ਵੱਖ ਇਮਾਰਤਾਂ ਤੋਂ ਕੰਮ ਕਰ ਰਹੇ ਸਨ, ਜਿਸ ਕਾਰਨ ਤਾਲਮੇਲ 'ਚ ਮੁਸ਼ਕਲਾਂ ਆਉਂਦੀਆਂ ਸਨ। ਹੁਣ ਇਹ ਸਾਰੇ ਅਹਿਮ ਦਫ਼ਤਰ ਇਕੋ ਕੰਪਲੈਕਸ 'ਤੀਰਥ ਭਵਨ' 'ਚ ਸਥਿਤ ਹੋਣਗੇ। ਇਹ ਨਵਾਂ ਕੰਪਲੈਕਸ ਆਧੁਨਿਕ, ਕੁਸ਼ਲ ਅਤੇ ਨਾਗਰਿਕ-ਕੇਂਦ੍ਰਿਤ ਸ਼ਾਸਨ ਪ੍ਰਣਾਲੀ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਉਦਘਾਟਨ ਤੋਂ ਤੁਰੰਤ ਬਾਅਦ ਪ੍ਰਧਾਨ ਮੰਤਰੀ ਨੇ ਕਈ ਲੋਕ ਭਲਾਈ ਸਕੀਮਾਂ ਨੂੰ ਮਨਜ਼ੂਰੀ ਦਿੱਤੀ:

**ਹਾਦਸਾ ਪੀੜਤਾਂ ਲਈ ਰਾਹਤ:** ਹਾਦਸੇ ਦੇ ਸ਼ਿਕਾਰ ਲੋਕਾਂ ਨੂੰ 1.5 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਉਣ ਲਈ 'ਪੀਐੱਮ ਰਾਹਤ ਯੋਜਨਾ' ਨੂੰ ਪ੍ਰਵਾਨਗੀ ਦਿੱਤੀ ਗਈ ਹੈ।

**ਲਖਪਤੀ ਦੀਦੀ ਯੋਜਨਾ:** ਮਹਿਲਾ ਸਸ਼ਕਤੀਕਰਨ ਨੂੰ ਹੁਲਾਰਾ ਦੇਣ ਲਈ 'ਲਖਪਤੀ ਦੀਦੀ' ਯੋਜਨਾ ਦਾ ਟੀਚਾ ਦੁੱਗਣਾ ਕਰਕੇ 6 ਕਰੋੜ ਕਰ ਦਿੱਤਾ ਗਿਆ ਹੈ।

**ਕਿਸਾਨਾਂ ਲਈ ਵੱਡਾ ਐਲਾਨ:** ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਦਾ ਟੀਚਾ 1 ਲੱਖ ਕਰੋੜ ਰੁਪਏ ਤੋਂ ਵਧਾ ਕੇ 2 ਲੱਖ ਕਰੋੜ ਰੁਪਏ ਕਰ ਦਿੱਤਾ ਗਿਆ ਹੈ, ਜੋ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਮਦਦਗਾਰ ਹੋਵੇਗਾ।

**ਨੌਜਵਾਨਾਂ ਅਤੇ ਸਟਾਰਟਅੱਪਸ ਲਈ:** 10,000 ਕਰੋੜ ਰੁਪਏ ਦੇ ਫੰਡ ਨਾਲ 'ਸਟਾਰਟਅੱਪ ਇੰਡੀਆ ਫੰਡ ਆਫ ਫੰਡਸ 2.0' ਨੂੰ ਮਨਜ਼ੂਰੀ ਦਿੱਤੀ ਗਈ ਹੈ, ਤਾਂ ਜੋ ਡੂੰਘੀ ਤਕਨਾਲੋਜੀ ਖੋਜ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਫੈਸਲੇ 'ਨਾਗਰਿਕ ਦੇਵੋ ਭਵ' ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ ਅਤੇ ਵਿਕਸਤ ਭਾਰਤ ਦੇ ਸੰਕਲਪ ਨੂੰ ਨਵੀਂ ਗਤੀ ਪ੍ਰਦਾਨ ਕਰਦੇ ਹਨ। ਉਨ੍ਹਾਂ ਉਮੀਦ ਜਤਾਈ ਕਿ 'ਤੀਰਥ ਭਵਨ' ਆਉਣ ਵਾਲੀਆਂ ਪੀੜ੍ਹੀਆਂ ਨੂੰ ਨਿਰਸਵਾਰਥ ਸੇਵਾ ਅਤੇ (ਬਾਕੀ ਸਫਾ 2 'ਤੇ)

### ਅਸੀਂ ਗ਼ੁਲਾਮੀ ਦੀ ਮਾਨਸਿਕਤਾ ਨੂੰ ਬਦਲਣ ਦੀ ਮੁਹਿੰਮ ਸ਼ੁਰੂ ਕੀਤੀ ਹੈ: ਮੋਦੀ

ਨਵੀਂ ਦਿੱਲੀ, 13 ਫਰਵਰੀ (ਚ.ਨ.ਸ.): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਦਿੱਲੀ ਵਿੱਚ 'ਸੇਵਾ ਤੀਰਥ' ਅਤੇ 'ਕਰਤੱਵ ਭਵਨ' (1 ਅਤੇ 2) ਦਾ ਉਦਘਾਟਨ ਕਰਦਿਆਂ ਇਸ ਨੂੰ ਦੇਸ਼ ਲਈ 'ਨਵੇਂ ਇਤਿਹਾਸ ਦੀ ਸ਼ੁਰੂਆਤ' ਕਰਾਰ ਦਿੱਤਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਅੱਜ 13 ਫਰਵਰੀ ਦਾ ਇਹ ਦਿਨ ਦੇਸ਼ ਦੀ ਵਿਕਾਸ ਯਾਤਰਾ ਵਿੱਚ ਇੱਕ ਨਵੇਂ ਆਗਾਜ਼ ਦਾ ਗਵਾਹ ਬਣ ਰਿਹਾ ਹੈ। ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਊਥ ਬਲਾਕ ਅਤੇ ਨੋਰਥ ਬਲਾਕ ਵਰਗੀਆਂ ਪੁਰਾਣੀਆਂ ਇਮਾਰਤਾਂ ਬ੍ਰਿਟਿਸ਼ ਸਾਮਰਾਜ ਦੀ ਨਿਸ਼ਾਨੀ ਸਨ, ਜਿਨ੍ਹਾਂ ਨੂੰ ਬਣਾਉਣ ਦਾ ਮਕਸਦ ਬ੍ਰਿਟਿਸ਼ ਰਾਜ ਨੂੰ ਮਜ਼ਬੂਤ ਕਰਨਾ ਅਤੇ ਦੇਸ਼ ਨੂੰ ਪੀੜ੍ਹੀਆਂ ਤੱਕ ਗੁਲਾਮ ਬਣਾਏ ਰੱਖਣਾ ਸੀ। ਉਨ੍ਹਾਂ ਕਿਹਾ ਕਿ (ਬਾਕੀ ਸਫਾ 2 'ਤੇ)

## ਕੈਪਟਨ ਅਮਰਿੰਦਰ ਸਿੰਘ ਨੂੰ ਸੰਮਨ ਭੇਜਣ ਵਾਲੇ ਈ.ਡੀ. ਅਧਿਕਾਰੀ ਦਾ ਤਬਾਦਲਾ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 13 ਫਰਵਰੀ: ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬੀਤੇ ਦਿਨੀਂ ਸੰਮਨ ਭੇਜਣ ਵਾਲੇ ਈ.ਡੀ. ਦੇ ਐਡੀਸ਼ਨਲ ਡਾਇਰੈਕਟਰ 'ਤੇ ਵੱਡਾ ਐਕਸ਼ਨ ਲਿਆ ਗਿਆ ਹੈ। ਡਾਇਰੈਕਟਰ ਰਵੀ ਤਿਵਾਰੀ ਦਾ ਤਬਾਦਲਾ ਚੇਨਈ ਕਰ ਦਿੱਤਾ ਗਿਆ ਹੈ।

ਰਵੀ ਤਿਵਾਰੀ ਜਲੰਧਰ ਜ਼ੋਨਲ ਆਫਿਸ ਈ.ਡੀ. ਵਿਖੇ ਤੈਨਾਤ ਸਨ। ਦੱਸ ਦੇਈਏ ਕਿ ਉਨ੍ਹਾਂ ਦੀ ਥਾਂ 'ਤੇ ਹੁਣ ਆਈ.ਆਰ.ਐਸ. ਦਿਨੇਸ਼ ਪਰਚੁਰੀ ਨੂੰ ਨਵਾਂ ਈ.ਡੀ. ਐਡੀਸ਼ਨਲ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਈ.ਡੀ. ਨੇ ਕੈਪਟਨ ਨੂੰ 'ਫ਼ੇਮਾ' ਉਲੰਘਣਾ ਦੇ ਮਾਮਲੇ 'ਚ ਪੁੱਛ-ਗਿੱਛ ਲਈ ਸੰਮਨ ਭੇਜਿਆ ਸੀ ਤੇ ਇਹ ਸੰਮਨ ਕੈਪਟਨ ਤੇ ਉਨ੍ਹਾਂ ਦੇ ਪੁੱਤਰ ਨੂੰ ਭੇਜਿਆ ਗਿਆ ਸੀ। ਇਥੇ ਇਹ ਵੀ ਦੱਸਣਯੋਗ ਹੈ ਕਿ ਬੀਤੇ ਦਿਨੀਂ ਪੰਜਾਬ ਕਾਂਗਰਸ ਦੇ ਸਾਬਕਾ ਇੰਚਾਰਜ ਭੁਪੇਸ਼ ਬਘੇਲ ਵੱਲੋਂ ਵੱਡਾ ਬਿਆਨ ਦਿੱਤਾ ਗਿਆ ਸੀ। ਭੁਪੇਸ਼ ਬਘੇਲ ਨੇ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਵਿਚ ਵਾਪਸੀ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਸੀ। ਪਿਛਲੇ ਦਿਨੀਂ ਕੈਪਟਨ ਵੱਲੋਂ ਇਕ ਬਿਆਨ ਦਿੱਤਾ ਗਿਆ ਸੀ ਉਨ੍ਹਾਂ ਕਿਹਾ ਸੀ ਕਿ ਜੇਕਰ ਕੈਪਟਨ ਕਾਂਗਰਸ ਵਿਚ ਵਾਪਸ ਆਉਣਾ ਚਾਹੁੰਦੇ ਹਨ ਤਾਂ ਹਾਈਕਮਾਨ ਨਾਲ ਇਸ 'ਤੇ ਚਰਚਾ ਕੀਤੀ ਜਾਵੇਗੀ।

ਕੈਪਟਨ ਵੱਡੇ ਆਗੂ ਹਨ, ਇਸ ਵਿਚ ਕੋਈ ਸ਼ੱਕ ਨਹੀਂ ਹੈ ਤੇ ਜੇਕਰ ਉਹ ਵਾਪਸ ਆਉਣਾ ਚਾਹੁੰਦੇ ਹਨ ਤਾਂ ਹਾਈਕਮਾਨ ਵੱਲੋਂ ਇਸ 'ਤੇ ਸੋਚਿਆ ਜਾ ਸਕਦਾ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਕੈਪਟਨ ਵੱਲੋਂ ਆਪਣੀ ਮੌਜੂਦਾ ਪਾਰਟੀ 'ਤੇ ਵੀ ਸਵਾਲ ਚੁੱਕੇ ਗਏ ਸਨ।

### ਪੰਜਾਬ 'ਚ ਤਿੱਖੀ ਧੁੱਪ ਕਾਰਨ ਦਿਨ ਦੀ ਠੰਢ ਹੋਈ ਖ਼ਤਮ

ਚੰਡੀਗੜ੍ਹ, 13 ਫਰਵਰੀ (ਚ.ਨ.ਸ.): ਪੰਜਾਬ ਅਤੇ ਚੰਡੀਗੜ੍ਹ ਵਿੱਚ ਦਿਨ ਵੇਲੇ ਦੀ ਠੰਢ ਲਗਭਗ ਘੱਟ ਗਈ ਹੈ। ਲੋਕ ਸਵੇਰੇ ਅਤੇ ਸ਼ਾਮ ਨੂੰ ਹਲਕੀ ਠੰਢ ਮਹਿਸੂਸ ਕਰ ਰਹੇ ਹਨ। ਵੱਧ ਤੋਂ ਵੱਧ ਅਤੇ ਘੱਟੋ-ਘੱਟ ਤਾਪਮਾਨ ਆਮ ਨਾਲੋਂ ਵੱਧ ਹੈ। 17 ਫਰਵਰੀ ਨੂੰ ਮੀਂਹ ਪੈਣ ਦੀ ਉਮੀਦ ਹੈ। ਪਿਛਲੇ 24 ਘੰਟਿਆਂ ਦੌਰਾਨ ਵੱਧ ਤੋਂ ਵੱਧ ਤਾਪਮਾਨ 0.4 ਡਿਗਰੀ ਸੈਲਸੀਅਸ ਥੋੜ੍ਹਾ ਘਟਿਆ ਸੀ, ਪਰ ਹੁਣ ਇਹ ਆਮ ਨਾਲੋਂ 2.4 ਡਿਗਰੀ ਵੱਧ ਹੈ। ਫਰੀਦਕੋਟ ਵਿੱਚ ਵੱਧ ਤੋਂ ਵੱਧ ਤਾਪਮਾਨ 27.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਅੱਜ, ਪੰਜਾਬ ਦੇ ਕੁਝ ਇਲਾਕਿਆਂ ਅਤੇ ਰਾਜਸਥਾਨ ਦੇ ਕਈ ਇਲਾਕਿਆਂ ਵਿੱਚ ਉੱਚੇ ਬੱਦਲ ਛਾਏ ਰਹਿਣ ਦੀ ਉਮੀਦ ਹੈ। ਮੌਸਮ ਵਿਭਾਗ ਦੇ ਅਨੁਸਾਰ, 17 ਫਰਵਰੀ ਨੂੰ ਦੂਜੀ ਪੱਛਮੀ (ਬਾਕੀ ਸਫਾ 2 'ਤੇ)

### ਗੈਂਗਸਟਰਾਂ ਨੂੰ ਖ਼ਤਮ ਕਰਨ ਲਈ ਪੰਜਾਬ ਸਰਕਾਰ ਦਾ ਵੱਡਾ ਕਦਮ !

## ਰਾਜਪੁਰਾ 'ਚ ਨਵਾਂ ਸਟੇਟ ਐਂਟੀ-ਗੈਂਗਸਟਰ ਟਾਸਕ ਫੋਰਸ ਪੁਲਿਸ ਸਟੇਸ਼ਨ ਕੀਤਾ ਜਾਵੇਗਾ ਸਥਾਪਿਤ

**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 13 ਫਰਵਰੀ: ਗੈਂਗਸਟਰਾਂ ਨੂੰ ਖਤਮ ਕਰਨ ਲਈ ਪੰਜਾਬ ਸਰਕਾਰ ਵੱਲੋਂ ਵੱਡਾ ਕਦਮ ਚੁੱਕਿਆ ਗਿਆ ਹੈ। ਰਾਜਪੁਰਾ 'ਚ ਨਵਾਂ ਸਟੇਟ ਐਂਟੀ-ਗੈਂਗਸਟਰ ਟਾਸਕ ਫੋਰਸ ਪੁਲਿਸ ਸਟੇਸ਼ਨ ਸਥਾਪਿਤ ਕੀਤਾ ਜਾਵੇਗਾ ।ਇਸ ਲਈ ਗ੍ਰਹਿ ਵਿਭਾਗ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ।

ਏ.ਜੀ.ਟੀ.ਐਫ. ਵੱਲੋਂ ਐਫ.ਆਈ.ਆਰ. ਤੋਂ ਲੈ ਕੇ ਹਰ ਕਾਨੂੰਨੀ ਕਾਰਵਾਈ ਰਾਜਪੁਰਾ ਤੋਂ ਹੀ ਕੀਤੀ ਜਾਵੇਗੀ। ਸੂਬੇ ਭਰ ਵਿੱਚ ਗੈਂਗਸਟਰਾਂ ਦੇ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਵਿੱਚ ਕੀਤੀ ਜਾਣ ਵਾਲੀ ਸਪੈਸ਼ਲ ਟਾਕਸ ਫੋਰਸ ਵੱਲੋਂ ਹਰ



ਕਾਰਵਾਈ ਨੂੰ ਉਸੇ ਜ਼ਿਲ੍ਹੇ ਅਤੇ ਇਲਾਕੇ ਦੇ ਪੁਲਿਸ ਥਾਣੇ ਵਿੱਚ ਹੀ ਦਰਜ ਕਰਵਾਉਣਾ ਪੈਂਦਾ ਸੀ ਅਤੇ ਘਟਨਾ ਵਾਲੀ ਥਾਂ ਵਾਲੇ ਪੁਲਿਸ ਸਟੇਸ਼ਨ ਵੱਲੋਂ ਹੀ ਅਗਲੇਰੀ ਕਾਰਵਾਈ ਨੂੰ ਕਾਨੂੰਨ ਅਨੁਸਾਰ (ਬਾਕੀ ਸਫਾ 2 'ਤੇ)

### ਆਈ.ਪੀ.ਐਲ. ਦੀ ਤਰਜ਼ 'ਤੇ ਸੂਬੇ 'ਚ ਕਰਵਾਈ ਜਾਵੇਗੀ ਪੰਜਾਬ ਕ੍ਰਿਕਟ ਲੀਗ: ਮਾਨ

ਚੰਡੀਗੜ੍ਹ , 13 ਫਰਵਰੀ (ਚ.ਨ.ਸ.):ਆਈ.ਪੀ.ਐਲ. ਦੀ ਤਰਜ਼ 'ਤੇ ਸੂਬੇ ਵਿਚ ਪੰਜਾਬ ਕ੍ਰਿਕਟ ਲੀਗ ਕਰਵਾਈ ਜਾਵੇਗੀ। ਪੰਜਾਬ ਸਰਕਾਰ ਨੇ ਇਸ ਲਈ ਸਾਰੀਆਂ ਤਿਆਰੀਆਂ ਕਰ ਲਈਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਲੀਗ ਨੂੰ ਮਨਜੂਰੀ ਦੇ ਦਿੱਤੀ ਹੈ।ਮਾਨ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਕ੍ਰਿਕਟ ਲੀਗ ਨੂੰ ਮਨਜ਼ੂਰੀ ਦੇਣ ਦਾ ਐਲਾਨ ਕੀਤਾ। (ਬਾਕੀ ਸਫਾ 2 'ਤੇ)

## ਕਿਸਾਨ ਸੰਗਠਨਾਂ ਵੱਲੋਂ ਸੰਸਦ 'ਚ ਵਿਰੋਧੀ ਧਿਰ ਦੇ ਨੇਤਾ ਨਾਲ ਅਮਰੀਕੀ ਵਪਾਰ ਸਮਝੌਤੇ 'ਤੇ ਚਰਚਾ

### ਖੇਤੀਬਾੜੀ ਉਤਪਾਦਾਂ ਦੀ ਵਧਦੀ ਦਰਾਮਦ ਭਾਰਤੀ ਕਿਸਾਨਾਂ 'ਤੇ ਆਰਥਿਕ ਦਬਾਅ ਵਧਾ ਸਕਦੀ ਹੈ: ਰਾਹੁਲ ਗਾਂਧੀ



**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 13 ਫਰਵਰੀ :ਬੀ.ਕੇ.ਯੂ. (ਸ਼ਹੀਦ ਭਗਤ ਸਿੰਘ) ਦੀ ਅਗਵਾਈ 'ਚ ਅਮਰਜੀਤ ਸਿੰਘ ਮੋਹੜੀ ਦੀ ਅਗਵਾਈ ਹੇਠ ਅੱਜ ਦੇਸ਼ ਦੇ ਵੱਖ-ਵੱਖ ਰਾਜਾਂ ਦੇ ਕਿਸਾਨ ਸੰਗਠਨਾਂ ਦੇ ਇੱਕ ਵਫ਼ਦ ਨੇ ਸੰਸਦ ਕੰਪਲੈਕਸ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ। ਮੀਟਿੰਗ ਵਿੱਚ ਪ੍ਰਸਤਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਖੇਤੀਬਾੜੀ ਅਤੇ ਡੇਅਰੀ ਖੇਤਰਾਂ 'ਤੇ ਸੰਭਾਵੀ ਪ੍ਰਭਾਵ 'ਤੇ ਚਰਚਾ ਕੀਤੀ ਗਈ। ਵਫ਼ਦ ਨੇ ਚਿੰਤਾ ਪ੍ਰਗਟ ਕੀਤੀ ਕਿ ਪ੍ਰਸਤਾਵਿਤ ਸਮਝੌਤੇ ਤਹਿਤ ਖੇਤੀਬਾੜੀ (ਬਾਕੀ ਸਫਾ 2 'ਤੇ)

## ਜੰਗਲੀ ਹਾਥੀਆਂ ਦੇ ਹਮਲੇ 'ਚ ਇੱਕੋ ਪਰਿਵਾਰ ਦੇ 4 ਮੈਂਬਰਾਂ ਸਮੇਤ 6 ਦੀ ਮੌਤ

ਰਾਂਚੀ , 13 ਫਰਵਰੀ (ਚ.ਨ.ਸ.): ਝਾਰਖੰਡ ਦੇ ਹਜ਼ਾਰੀਬਾਗ ਜ਼ਿਲ੍ਹੇ 'ਚ ਸ਼ੁੱਕਰਵਾਰ ਨੂੰ ਜੰਗਲੀ ਹਾਥੀਆਂ ਦੇ ਇੱਕ ਝੁੰਡ ਦੇ ਹਮਲੇ 'ਚ ਇੱਕ ਪਰਿਵਾਰ ਦੇ ਚਾਰ ਮੈਂਬਰਾਂ ਸਣੇ 6 ਲੋਕਾਂ ਦੀ ਮੌਤ ਹੋ ਗਈ। ਇੱਕ ਜੰਗਲਾਤ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਹਜ਼ਾਰੀਬਾਗ ਪੂਰਬ ਦੇ ਡਿਵੀਜ਼ਨਲ ਜੰਗਲਾਤ ਅਧਿਕਾਰੀ (ਡੀ.ਐਫ.ਓ.) ਵਿਕਾਸ ਕੁਮਾਰ ਉੱਜਵਲ ਨੇ ਦੱਸਿਆ ਕਿ ਪਿਛਲੇ ਸਾਲ ਕੁਝ ਦਿਨਾਂ 'ਚ ਕਈ ਲੋਕਾਂ 'ਤੇ ਹਮਲਾ ਕਰ ਚੁੱਕਿਆ ਹਾਥੀਆਂ ਦਾ ਝੁੰਡ ਵੀਰਵਾਰ ਰਾਤ ਨੂੰ ਚੁਰਚੂ ਬਲਾਕ ਦੇ ਗੋਂਡਵਾਰ ਪਿੰਡ 'ਚ ਵੜ ਗਿਆ ਅਤੇ ਸ਼ੁੱਕਰਵਾਰ ਤੜਕੇ (ਬਾਕੀ ਸਫਾ 2 'ਤੇ)

## ਸਕੱਤਰ ਪ੍ਰਤਾਪ ਸਿੰਘ ਦਾ ਤਬਾਦਲਾ ਸਿਰਫ਼ ਪਰਦਾ ਪਾਊ ਕਾਰਵਾਈ: ਗਿ. ਹਰਪ੍ਰੀਤ ਸਿੰਘ



ਅੰਮ੍ਰਿਤਸਰ, 13 ਫਰਵਰੀ (ਬਬਲੂ ਮਹਾਜਨ): ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸ਼ੋਸਲ ਮੀਡੀਆ ਤੇ ਪੋਸਟ ਸਾਂਝੀ ਕਰਦਿਆਂ ਲਿਖਿਆ ਕੀ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਵੇਚਣ ਦੇ ਮਾਮਲੇ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਕੱਤਰ ਪ੍ਰਤਾਪ ਸਿੰਘ ਦਾ ਕੀਤਾ ਗਿਆ ਤਬਾਦਲਾ ਮਹਿਜ਼ ਉਸੇ ਤਰ੍ਹਾਂ ਦੀ ਪਰਦਾ ਪਾਊ ਕਾਰਵਾਈ ਹੈ, ਜੋ ਹੋਰ ਮਸਲਿਆਂ ਵਿੱਚ ਵੀ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਜਾਂਦੀ ਰਹੀ ਹੈ। ਸਿਰਫ਼ ਤਬਾਦਲਾ ਕਰਨ ਦੀ ਬਜਾਏ ਇਹ ਵੀ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ ਕਿ ਸਕੱਤਰ ਦੀ ਇਸ ਮਾਮਲੇ ਵਿੱਚ ਕੀ ਭੂਮਿਕਾ ਸੀ ਅਤੇ ਤਬਾਦਲੇ ਦਾ ਫੈਸਲਾ ਕਿਹੜੇ ਆਧਾਰ 'ਤੇ ਲਿਆ ਗਿਆ। ਉਨ੍ਹਾਂ ਕਿਹਾ ਕਿ ਮੋਹਾਲੀ ਤੋਂ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾਂ ਵੱਲੋਂ ਉਠਾਈ ਗਈ ਗੱਲ ਸ਼ਲਾਘਾਯੋਗ ਹੈ। ਜਿਨ੍ਹਾਂ ਨੇ ਮੈਨੇਜਮੈਂਟ ਵਿੱਚ ਉੱਚ ਅਧਿਕਾਰੀਆਂ ਨੂੰ ਬਚਾਉਣ ਦੇ ਰੁਝਾਨ ਬਾਰੇ ਜੋ ਸਵਾਲ ਖੜ੍ਹੇ ਕੀਤੇ ਹਨ, ਉਹ ਗੰਭੀਰ ਧਿਆਨ ਦੇਣ ਯੋਗ ਹਨ। ਬਾਕੀ ਮੈਂਬਰਾਂ ਨੂੰ ਵੀ ਸੰਸਥਾ ਦੇ ਗੰਭੀਰ ਮਸਲਿਆਂ 'ਤੇ ਉਸੇ ਹਿੰਮਤ ਨਾਲ ਆਪਣੀ ਚੁੱਪ ਤੋੜਨੀ ਚਾਹੀਦੀ ਹੈ। 328 ਪਾਵਨ ਸਰੂਪਾਂ ਵਾਲੇ ਮਾਮਲੇ ਤੋਂ ਲੈਕੇ ਅਜਿਹੇ ਜਿੰਨੇ ਵੀ ਗੰਭੀਰ ਮਾਮਲੇ ਹਨ, ਉਹਨਾਂ ਵਿੱਚ ਸਪੱਸ਼ਟ ਕਾਰਵਾਈ ਕਰਨ ਦੀ ਬਜਾਏ ਮਸਲਿਆਂ ਨੂੰ ਕੁਝ ਵਿਅਕਤੀਆਂ ਨੂੰ (ਬਾਕੀ ਸਫਾ 2 'ਤੇ)

## ਸ਼ਰਾਬ ਭੁਲੇਖੇ ਭਾਂਡੇ ਧੋਣ ਵਾਲਾ ਕੈਮੀਕਲ ਪੀ ਗਈਆਂ ਔਰਤਾਂ, 4 ਮੌਤਾਂ

ਭੀਲਵਾੜਾ (ਰਾਜਸਥਾਨ), 13 ਫਰਵਰੀ (ਚ.ਨ.ਸ.):ਰਾਜਸਥਾਨ ਦੇ ਭੀਲਵਾੜਾ ਜ਼ਿਲ੍ਹੇ 'ਚ ਇੱਕ ਵਿਆਹ ਸਮਾਗਮ ਦੌਰਾਨ ਵੱਡੀ ਲਾਪਰਵਾਹੀ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ। ਪੁਲਿਸ ਅਨੁਸਾਰ, ਇਹ ਹਾਦਸਾ ਅਲੋਲੀ ਪਿੰਡ ਵਿੱਚ ਵਾਪਰਿਆ, ਜਿੱਥੇ ਕੁਝ ਲੋਕਾਂ ਨੇ ਇੱਕ ਸ਼ੱਕੀ ਰਸਾਇਣ ਨੂੰ ਸ਼ਰਾਬ ਸਮਝ ਕੇ ਪੀ ਲਿਆ, ਜਿਸ ਕਾਰਨ ਤਿੰਨ ਔਰਤਾਂ ਸਮੇਤ ਚਾਰ ਜਣਿਆਂ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ, ਪਿੰਡ ਦੀਆਂ ਕੁਝ ਔਰਤਾਂ ਇੱਕ ਵਿਆਹ ਸਮਾਗਮ ਵਿੱਚ ਬਰਤਨ ਮਾਂਜਣ ਦਾ ਕੰਮ ਕਰਨ ਗਈਆਂ ਸਨ। ਉੱਥੋਂ ਉਹ ਟੈਂਟ ਵਿੱਚ ਰੱਖੀਆਂ (ਬਾਕੀ ਸਫਾ 2 'ਤੇ)

## ਉਪ ਮੁੱਖ ਮੰਤਰੀ ਦੇ ਅਹੁਦੇ ਲਈ ਹੁਣ ਡਾ. ਬਲਜੀਤ ਕੌਰ ਦਾ ਨਾਮ ਉੱਪਰ ਆਇਆ

**ਚੜ੍ਹਦੀਕਲਾ ਬਿਊਰੋ**

================

### ਧਾਲੀਵਾਲ ਨੂੰ ਵੀ ਦੁਬਾਰਾ ਮੰਤਰੀ ਬਣਾਉਣ ਲਈ ਹੋ ਰਹੀਆਂ ਨੇ ਵਿਚਾਰਾਂ



ਚੰਡੀਗੜ੍ਹ, 13 ਫਰਵਰੀ:ਜਿਵੇਂ ਕਿ ਪੰਜਾਬ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਇੱਕ ਦਲਿਤ ਨੇਤਾ ਨੂੰ ਉਪ ਮੁੱਖ ਮੰਤਰੀ ਨਿਯੁਕਤ ਕਰਨ ਦੇ ਆਪਣੇ ਚੋਣਾਂ ਤੋਂ ਪਹਿਲਾਂ ਦੇ ਵਾਅਦੇ ਨੂੰ ਪੂਰਾ ਕਰਨ 'ਤੇ ਵਿਚਾਰ ਕਰ ਰਹੀ ਹੈ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਸੁਭਾਵਿਕ ਪਸੰਦ ਜਾਪਦੇ ਹਨ। ਹਾਲਾਂਕਿ, ਇੱਕ ਨਵਾਂ ਨਾਮ ਮੈਦਾਨ ਵਿੱਚ ਉਤਰਿਆ ਹੈ – ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ।

ਸੂਤਰਾਂ ਨੇ ਦੱਸਿਆ ਕਿ ਡਾ. ਬਲਜੀਤ ਕੌਰ ਸਰਕਾਰ ਵਿੱਚ ਦੂਜੇ ਸਭ ਤੋਂ ਉੱਚੇ ਅਹੁਦੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਮੁੱਖ ਪਸੰਦ ਹੈ। ਸੂਤਰਾਂ ਦਾ ਕਹਿਣਾ ਹੈ, 'ਡਾ. ਬਲਜੀਤ ਕੌਰ ਹਮੇਸ਼ਾ ਮੁੱਖ ਮੰਤਰੀ ਦੀ ਇੱਕ ਚੋਟੀ ਦੀ ਪਸੰਦ ਰਹੀ ਹੈ। ਉਹ ਅਕਸਰ ਪਾਰਟੀ ਦੇ ਕਈ ਪਲੇਟਫਾਰਮਾਂ 'ਤੇ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਰਹੇ ਹਨ। ਉਹ ਉਨ੍ਹਾਂ ਨੂੰ ਇੱਕ ਮਿਹਨਤੀ, ਇਮਾਨਦਾਰ ਨੇਤਾ ਮੰਨਦੇ ਹਨ, ਜਿਸਨੇ ਪਾਰਟੀ ਦੀਆਂ ਹੋਰ ਬਹੁਤ ਸਾਰੀਆਂ ਮਹਿਲਾ ਵਿਧਾਇਕਾਂ ਦੇ ਉਲਟ ਕੋਈ ਵਿਵਾਦ ਨਹੀਂ ਖੜ੍ਹਾ ਕੀਤਾ।'

ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਇਹ ਸਮਝਾਇਆ ਗਿਆ ਹੈ ਕਿ ਜੇਕਰ ਡਾ. ਬਲਜੀਤ ਕੌਰ ਨੂੰ ਉਪ ਮੁੱਖ ਮੰਤਰੀ ਨਿਯੁਕਤ ਕੀਤਾ ਜਾਂਦਾ ਹੈ, ਤਾਂ ਇਹ ਕਦਮ ਕਈ ਰਣਨੀਤਕ ਉਦੇਸ਼ਾਂ ਦੀ ਪੂਰਤੀ ਕਰ ਸਕਦਾ ਹੈ। 'ਚੋਣਾਂ ਨੇੜੇ ਆ ਰਹੀਆਂ ਹਨ, ਇਸ ਲਈ ਸਰਕਾਰ ਮਹਿਲਾ ਵੋਟਰਾਂ ਵਿੱਚ ਸਮਰਥਨ ਇਕੱਠਾ ਕਰਨ ਲਈ ਉਤਸੁਕ ਹੈ। ਡਾ. ਬਲਜੀਤ ਕੌਰ ਪਾਰਟੀ ਦੇ ਵਾਅਦੇ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਵਿਭਾਗ ਦੀ ਅਗਵਾਈ ਕਰਦੇ ਹਨ ਜੋ ਔਰਤਾਂ ਨੂੰ ਪ੍ਰਤੀ ਮਹੀਨਾ 1,000 ਰੁਪਏ ਪ੍ਰਦਾਨ ਕਰ ਸਕਦਾ ਹੈ, ਜਿਸ ਵਿੱਚ ਲਾਭਪਾਤਰੀ ਡੇਟਾ ਨੂੰ ਇਕੱਠਾ ਕਰਨਾ ਅਤੇ ਤਸਦੀਕ ਕਰਨਾ ਸ਼ਾਮਲ ਹੈ। ਉਨ੍ਹਾਂ ਨੂੰ ਉੱਚਾ ਚੁੱਕਣਾ ਪਾਰਟੀ ਦੀ ਉਸ ਵਾਅਦੇ ਪ੍ਰਤੀ ਵਚਨਬੱਧਤਾ ਨੂੰ ਮਜ਼ਬੂਤ ਕਰ ਸਕਦਾ ਹੈ ਜਦੋਂ ਕਿ ਇੱਕ ਮਜ਼ਬੂਤ ਰਾਜਨੀਤਿਕ ਸੰਦੇਸ਼ ਭੇਜ ਸਕਦਾ ਹੈ। 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵਾਅਦਾ ਕੀਤਾ ਸੀ ਕਿ ਜੇਕਰ ਪਾਰਟੀ 2017 ਤੋਂ ਪਹਿਲਾਂ ਸੱਤਾ ਵਿੱਚ ਆਉਂਦੀ ਹੈ (ਬਾਕੀ ਸਫਾ 2 'ਤੇ)

**ਵਿਸ਼ੇਸ਼ ਸ਼ਰਧਾਂਜਲੀ**

## ਸਰਲਾ ਮਹੇਸ਼ਵਰੀ ਨੇ ਦੂਰਦਰਸ਼ਨ ਨੂੰ ਪਹਿਚਾਣ ਦਿੱਤੀ ਸੀ, ਉਸਦਾ ਜਾਣਾ ਇੱਕ ਭਾਰਤੀ ਆਵਾਜ਼ ਦਾ ਖਾਮੋਸ਼ ਹੋ ਜਾਣਾ ਹੈ

**ਪ੍ਰੋ.ਡਾ.ਕ੍ਰਿਸ਼ਨ ਕੁਮਾਰ ਰੱਤੂ**
**ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ**

==============

ਭਾਰਤੀ ਟੈਲੀਵਿਜ਼ਨ ਪੱਤਰਕਾਰਤਾ ਦੇ ਆਕਾਸ਼ ਤੋਂ ਅੱਜ ਇੱਕ ਹੋਰ ਤਾਰਾ ਟੁੱਟ ਗਿਆ। ਸਰਲਾ ਮਹੇਸ਼ਵਰੀ ਦੀ ਮੌਤ ਸਿਰਫ਼ ਇੱਕ ਵਿਅਕਤੀ ਦਾ ਵਿਛੋੜਾ ਨਹੀਂ, ਇਹ ਇੱਕ ਯੁੱਗ ਦਾ ਅੰਤ ਹੈ—ਉਹ ਯੁੱਗ ਜਿੱਥੇ ਆਵਾਜ਼ ਵਿੱਚ ਗੰਭੀਰਤਾ ਸੀ, ਪੇਸ਼ਕਾਰੀ ਵਿੱਚ ਸੰਸਕਾਰ ਸੀ ਅਤੇ ਪੱਤਰਕਾਰਤਾ ਵਿੱਚ ਮਰਿਆਦਾ ਸੀ।

ਦੂਰਦਰਸ਼ਨ ਦੇ ਉਸ ਦੌਰ ਦੀ ਉਹ ਇੱਕ ਅਜਿਹੀ ਪਹਿਚਾਣ ਸਨ, ਜਿਨ੍ਹਾਂ ਦੀ ਆਵਾਜ਼ ਘਰ-ਘਰ ਵਿੱਚ ਵਿਸ਼ਵਾਸ ਦਾ ਪ੍ਰਤੀਕ ਬਣੀ। ਉਹ ਸਿਰਫ਼ ਖ਼ਬਰਾਂ ਨਹੀਂ ਪੜ੍ਹਦੀਆਂ ਸਨ; ਉਹ ਦੇਸ਼ ਦੀ ਧੜਕਣ ਨੂੰ ਆਪਣੇ ਲਹਿਜ਼ੇ ਵਿੱਚ ਪ੍ਰਗਟ ਕਰਦੀਆਂ ਸਨ। ਉਹਨਾਂ ਦੀ ਆਵਾਜ਼ ਵਿੱਚ ਇੱਕ ਠਹਿਰਾਵ



ਸੀ, ਇੱਕ ਵਿਸ਼ਵਾਸ ਸੀ ਅਤੇ ਇੱਕ ਅਜਿਹੀ ਗੰਭੀਰਤਾ ਸੀ ਜੋ ਅੱਜ ਦੀ ਤੇਜ਼ ਅਤੇ ਬੇਚੈਨ ਮੀਡੀਆ ਦੁਨੀਆਂ ਵਿੱਚ ਕਦਾਚਿਤ ਹੀ ਮਿਲਦੀ ਹੈ।

ਸਰਲਾ ਮਹੇਸ਼ਵਰੀ ਉਸ ਪੀੜ੍ਹੀ ਦੀ ਪ੍ਰਤੀਨਿਧੀ ਸਨ ਜਿਸ ਵਿੱਚ ਅਸੀਂ ਸਾਰਿਆਂ ਨੇ ਮਿਲ ਕੇ ਕੰਮ ਕੀਤਾ ਸੀ। ਜਿਸਨੇ ਪੱਤਰਕਾਰਤਾ ਨੂੰ ਇੱਕ ਪਵਿੱਤਰ ਜ਼ਿੰਮੇਵਾਰੀ ਮੰਨਿਆ, ਨਾ ਕਿ ਸਿਰਫ਼ ਇੱਕ ਪੇਸ਼ਾ। ਉਹਨਾਂ ਲਈ ਖ਼ਬਰ ਸਿਰਫ਼ ਜਾਣਕਾਰੀ ਨਹੀਂ ਸੀ; ਉਹ ਲੋਕਤੰਤਰ ਦੀ ਸੇਵਾ ਸੀ। ਉਹਨਾਂ ਦੀ ਪੇਸ਼ਕਾਰੀ ਵਿੱਚ ਨਾ ਕੋਈ ਨਾਟਕ ਸੀ, ਨਾ ਕੋਈ ਦਿਖਾਵਾ—ਸਿਰਫ਼ ਸੱਚ ਦੀ ਸਾਦਗੀ ਅਤੇ ਸ਼ਬਦਾਂ ਦੀ ਇਮਾਨਦਾਰੀ ਸੀ।

ਅੱਜ ਜਦੋਂ ਮੀਡੀਆ ਦਾ ਇੱਕ ਵੱਡਾ ਹਿੱਸਾ ਸੰਸਨੀਖੇਜ਼ੀ ਅਤੇ ਸ਼ੋਰ ਵਿੱਚ ਖੋ ਗਿਆ ਹੈ, ਸਰਲਾ ਮਹੇਸ਼ਵਰੀ ਦੀ ਯਾਦ ਸਾਨੂੰ ਉਸ ਦੌਰ ਦੀ ਯਾਦ ਦਿਵਾਉਂਦੀ ਹੈ ਜਿੱਥੇ ਖ਼ਬਰਾਂ ਵਿੱਚ ਗੰਭੀਰਤਾ ਸੀ ਅਤੇ ਪੱਤਰਕਾਰਤਾ ਵਿੱਚ ਇੱਕ ਆਤਮਿਕ ਮਰਿਆਦਾ ਸੀ। ਉਹਨਾਂ ਦੀ ਆਵਾਜ਼ ਸਿਰਫ਼ ਖ਼ਬਰਾਂ ਦੀ ਆਵਾਜ਼ ਨਹੀਂ ਸੀ; ਉਹ ਭਾਰਤ ਦੀ ਆਤਮਾ ਦੀ ਆਵਾਜ਼ ਸੀ। ਉਹਨਾਂ ਦਾ ਜਾਣਾ ਇੱਕ ਅਜਿਹਾ ਖਾਲੀਪਣ ਛੱਡ ਗਿਆ ਹੈ (ਬਾਕੀ ਸਫਾ 2 'ਤੇ)

## ਬਾਰ੍ਹਵੀਂ ਦੀਆਂ ਉੱਤਰ ਕਾਪੀਆਂ ਦੇ ਅੰਕਾਂ ਦਾ

ਪ੍ਰੀਖਿਆਵਾਂ ਕੰਟਰੋਲਰ ਸੰਯਮ ਭਾਰਦਵਾਜ ਨੇ ਦਸਵੀਂ ਤੇ ਬਾਰ੍ਹਵੀਂ ਜਮਾਤ ਦੀਆਂ ਪ੍ਰੀਖਿਆਵਾਂ ਦੌਰਾਨ ਕੀਤੇ ਗਏ ਬਦਲਾਅ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਤੋਂ ਬਾਅਦ ਅੰਕਾਂ ਦੀ ਵੈਰੀਫਿਕੇਸ਼ਨ ਦੀ ਲੋੜ ਨਹੀਂ ਪਵੇਗੀ ਕਿਉਂਕਿ ਕੰਪਿਊਟਰ 'ਤੇ ਪੇਪਰ ਚੈੱਕ ਹੋਣ ਕਾਰਨ ਅੰਕਾਂ ਦਾ ਜੋੜ ਵੀ ਗਲਤ ਨਹੀਂ ਹੋਵੇਗਾ ਤੇ ਇਸ ਨਾਲ ਅਧਿਆਪਕਾਂ ਦਾ ਸਮਾਂ ਬਚੇਗਾ ਤੇ ਨਤੀਜੇ ਜਲਦੀ ਤਿਆਰ ਹੋਣਗੇ। ਬੋਰਡ ਹੁਣ ਪੂਰੀ ਤਰ੍ਹਾਂ ਆਨ-ਸਕਰੀਨ ਮਾਰਕਿੰਗ ਰਾਹੀਂ ਡਿਜੀਟਲ ਮੁਲਾਂਕਣ ਕਰੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਦਸਵੀਂ ਜਮਾਤ ਦੀਆਂ ਉੱਤਰ-ਪੱਤਰੀਆਂ ਦਾ ਮੁਲਾਂਕਣ ਪਹਿਲਾਂ ਵਾਂਗ ਹੀ ਜਾਰੀ ਰਹੇਗਾ। ਬੋਰਡ ਅਧਿਕਾਰੀ ਨੇ ਸਕੂਲਾਂ ਨੂੰ ਸਪੱਸ਼ਟ ਕੀਤਾ ਕਿ ਪੁਰਾਣੀ ਪ੍ਰਣਾਲੀ ਵਿੱਚ ਵਿਦਿਆਰਥੀ ਅਕਸਰ ਅੰਕਾਂ ਦੇ ਜੋੜ ਵਿੱਚ ਗਲਤੀ ਜਾਂ ਕਿਸੇ ਸਵਾਲ ਦੇ ਅੰਕ ਰਹਿ ਜਾਣ ਕਾਰਨ ਵੈਰੀਫਿਕੇਸ਼ਨ ਲਈ ਅਪਲਾਈ ਕਰਦੇ ਸਨ, ਪਰ ਨਵੀਂ ਡਿਜੀਟਲ ਪ੍ਰਣਾਲੀ ਵਿੱਚ ਅਜਿਹੀ ਸਮੱਸਿਆ ਨਹੀਂ ਆਵੇਗੀ। ਜ਼ਿਕਰਯੋਗ ਹੈ ਕਿ ਬੋਰਡ ਜਮਾਤਾਂ ਦੀਆਂ ਪ੍ਰੀਖਿਆਵਾਂ 17 ਫਰਵਰੀ ਤੋਂ ਸ਼ੁਰੂ ਹੋ ਰਹੀਆਂ ਹਨ।

## ਪ੍ਰਧਾਨ ਮੰਤਰੀ ਦੇ ਨਵੇਂ ਦ.ਫਤਰ ਤੀਰਥ ਭਵਨ

ਸਾਰਿਆਂ ਦੇ ਕਲਿਆਣ ਲਈ ਪ੍ਰੇਰਿਤ ਕਰਦਾ ਰਹੇਗਾ।ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੇਵਾ ਤੀਰਥ' ਤੋਂ ਆਪਣੀਆਂ ਪਹਿਲੀਆਂ ਫਾਈਲਾਂ ਵਜੋਂ ਹਸਤਾਖਰ ਕੀਤੇ ਜਿਨ੍ਹਾਂ ਵਿੱਚ ਹਾਦਸਾ ਪੀੜਤਾਂ ਲਈ 1.5 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ, ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਨੂੰ ਦੁੱਗਣਾ ਕਰਨਾ ਅਤੇ ਔਰਤਾਂ ਨੂੰ ਵਿੱਤੀ ਤੌਰ 'ਤੇ ਮਜ਼ਬੂਤ ਬਣਾਉਣਾ ਸ਼ਾਮਲ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਪੀ.ਐਮ.ਓ. ਦੇ ਨਵੇਂ ਦਫ਼ਤਰ ਕੰਪਲੈਕਸ ਤੋਂ ਇਹ ਫੈਸਲੇ ਲਏ ਹਨ।

ਪੀ ਐੱਮ ਓ ਨੇ ਕਿਹਾ, 'ਸੇਵਾ ਤੀਰਥ ਤੋਂ ਪ੍ਰਧਾਨ ਮੰਤਰੀ ਮੋਦੀ ਦੇ ਪਹਿਲੇ ਫੈਸਲੇ 'ਸੇਵਾ' ਦੀ ਭਾਵਨਾ ਨੂੰ ਦਰਸਾਉਂਦੇ ਹਨ ਅਤੇ ਸਮਾਜ ਦੇ ਹਰ ਵਰਗ ਲਈ ਨਵੀਂ ਉਮੀਦ ਹਨ। ਉਨ੍ਹਾਂ ਨੇ ਔਰਤਾਂ, ਨੌਜਵਾਨਾਂ ਅਤੇ ਕਮਜ਼ੋਰ ਨਾਗਰਿਕਾਂ ਲਈ ਮਹੱਤਵਪੂਰਨ ਫੈਸਲਿਆਂ ਨਾਲ ਸਬੰਧਤ ਫਾਈਲਾਂ 'ਤੇ ਦਸਤਖਤ ਕੀਤੇ ਹਨ।

ਇਨ੍ਹਾਂ ਮਹੱਤਵਪੂਰਨ ਨਵੇਂ ਉਪਰਾਲਿਆਂ ਵਿੱਚ ਪੀ ਐੱਮ ਰਾਹਤ ਸਕੀਮ, ਲਖਪਤੀ ਦੀਦੀਆਂ ਦੇ ਟੀਚੇ ਨੂੰ ਦੁੱਗਣਾ ਕਰਕੇ 6 ਕਰੋੜ ਕਰਨਾ, ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਨੂੰ ਦੁੱਗਣਾ ਕਰਕੇ 2 ਲੱਖ ਕਰੋੜ ਰੁਪਏ ਕਰਨਾ ਅਤੇ 10,000 ਕਰੋੜ ਰੁਪਏ ਦੇ ਕਾਰਪਸ ਨਾਲ ਸਟਾਰਟਅੱਪ ਇੰਡੀਆ ਫੰਡ ਆਫ ਫੰਡਸ 2.0 ਸ਼ਾਮਲ ਹਨ।'

ਪ੍ਰਧਾਨ ਮੰਤਰੀ ਦੁਆਰਾ ਲਏ ਗਏ 4 ਮੁੱਖ ਫੈਸਲਿਆਂ ਵਿੱਚ ਪਹਿਲਾ ਪੀ ਐੱਮ ਰਾਹਤ ਸਕੀਮ ਹੈ। ਜਿਸ ਤਹਿਤ ਪ੍ਰਧਾਨ ਮੰਤਰੀ ਨੇ ਇਸ ਸਕੀਮ ਦੀ ਸ਼ੁਰੂਆਤ ਨੂੰ ਮਨਜ਼ੂਰੀ , ਜਿਸ ਤਹਿਤ ਹਾਦਸਾ ਪੀੜਤਾਂ ਨੂੰ 1.5 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਦੇਣ ਦਾ ਫੈਸਲਾ ਕੀਤਾ ਹੈ, ਤਾਂ ਜੋ ਤੁਰੰਤ ਡਾਕਟਰੀ ਸਹਾਇਤਾ ਦੀ ਘਾਟ ਕਾਰਨ ਕੋਈ ਜਾਨ ਨਾ ਜਾਵੇ।

ਇਸ ਤੋਂ ਇਲਾਵਾ ਸਰਕਾਰ ਨੇ ਮਾਰਚ 2027 ਦੀ ਸਮਾਂ ਸੀਮਾ ਤੋਂ ਇੱਕ ਸਾਲ ਪਹਿਲਾਂ ਹੀ 3 ਕਰੋੜ ਲਖਪਤੀ ਦੀਦੀਆਂ ਦਾ ਅੰਕੜਾ ਪਾਰ ਕਰ ਲਿਆ ਹੈ। ਹੁਣ ਪ੍ਰਧਾਨ ਮੰਤਰੀ ਨੇ ਮਾਰਚ 2029 ਤੱਕ 6 ਕਰੋੜ ਲੱਖਪਤੀ ਦੀਦੀਆਂ ਦਾ ਨਵਾਂ ਟੀਚਾ ਮਿੱਥਿਆ ਹੈ।

ਤੀਜਾ ਫੈਸਲੇ ਵਿੱਚ ਭਾਰਤ ਦੀ ਖੇਤੀਬਾੜੀ ਵੈਲਿਊ ਚੇਨ ਨੂੰ ਮਜ਼ਬੂਤ ਕਰਨ ਲਈ, ਪ੍ਰਧਾਨ ਮੰਤਰੀ ਨੇ ਇਸ ਫੰਡ ਨੂੰ 1 ਲੱਖ ਕਰੋੜ ਰੁਪਏ ਤੋਂ ਵਧਾ ਕੇ 2 ਲੱਖ ਕਰੋੜ ਰੁਪਏ ਕਰਨ ਦੀ ਮਨਜ਼ੂਰੀ ਦਿੱਤੀ ਹੈ।

ਚੌਥੇ ਫੈਸਲੇ ਤਹਿਤ ਇਨੋਵੇਸ਼ਨ ਈਕੋਸਿਸਟਮ, ਖਾਸ ਤੌਰ 'ਤੇ ਡੀਪ ਟੈਕ ਅਤੇ ਐਡਵਾਂਸਡ ਮੈਨੂਫੈਕਚਰਿੰਗ ਨੂੰ ਹੁਲਾਰਾ ਦੇਣ ਲਈ, 10,000 ਕਰੋੜ ਰੁਪਏ ਦੇ ਫੰਡ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਇਸ ਤੋਂ ਪਹਿਲਾਂ ਅੱਜ ਪ੍ਰਧਾਨ ਮੰਤਰੀ ਨੇ ਆਪਣੇ ਨਵੇਂ ਦਫ਼ਤਰ ਕੰਪਲੈਕਸ ਦੇ ਨਾਂ ਦਾ 'ਸੇਵਾ ਤੀਰਥ' ਵਜੋਂ ਉਦਘਾਟਨ ਕੀਤਾ ਸੀ।

## ਸਰਲਾ ਮਹੇਸ਼ਵਰੀ ਨੇ ਦੂਰਦਰਸ਼ਨ ਨੂੰ ਪਹਿਚਾਣ ਦਿੱਤੀ ਸੀ,

ਜੋ ਕਦੇ ਪੂਰਾ ਨਹੀਂ ਹੋ ਸਕੇਗਾ। ਪਰ ਉਹਨਾਂ ਦੀ ਯਾਦ, ਉਹਨਾਂ ਦੀ ਆਵਾਜ਼ ਅਤੇ ਉਹਨਾਂ ਦੀ ਮਰਿਆਦਾ ਹਮੇਸ਼ਾ ਭਾਰਤੀ ਪੱਤਰਕਾਰਤਾ ਲਈ ਇੱਕ ਮਾਪਦੰਡ ਬਣੀ ਰਹੇਗੀ।

ਸਰਲਾ ਮਹੇਸ਼ਵਰੀ ਦਾ ਸਰੀਰ ਅੱਜ ਖਾਮੋਸ਼ ਹੋ ਗਿਆ ਹੈ, ਪਰ ਉਹਨਾਂ ਦੀ ਆਵਾਜ਼ ਹਮੇਸ਼ਾ ਸਮੇਂ ਦੀਆਂ ਲਹਿਰਾਂ ਵਿੱਚ ਗੂੰਜਦੀ ਰਹੇਗੀ।

ਉਹਨਾਂ ਨੂੰ ਭਾਵਪੂਰਨ ਸ਼ਰਧਾਂਜਲੀ।

## ਲੋਕ ਸਭਾ ਅਤੇ ਰਾਜ ਸਭਾ ਦੀ ਕਾਰਵਾਈ

ਨੇ ਬੋਲਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਦੀ ਇਕ ਟਿਪਣੀ ਨੂੰ ਲੈ ਕੇ ਸਦਨ 'ਚ ਹੰਗਾਮਾ ਹੋ ਗਿਆ। ਹੰਗਾਮੇ ਕਾਰਨ ਨਾ ਚਰਚਾ ਹੋਈ ਅਤੇ ਨਾ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਦਾ ਜਵਾਬ ਦੇ ਸਕੇ।

ਹਾਲਾਂਕਿ ਲੋਕ ਸਭਾ 'ਚ ਇਸ ਹਫਤੇ ਕੇਂਦਰੀ ਬਜਟ ਉੱਤੇ ਚਰਚਾ ਹੋਈ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵੀਰਵਾਰ ਨੂੰ ਇਸ ਦਾ ਜਵਾਬ ਦਿੱਤਾ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਸਦਨ 'ਚ ਬੋਲਣ ਦੀ ਇਜਾਜ਼ਤ ਨਾ ਦੇਣ ਅਤੇ ਵਿਰੋਧੀ ਧਿਰ ਦੇ ਅੱਠ ਸੰਸਦ ਮੈਂਬਰਾਂ ਨੂੰ ਮੁਅੱਤਲ ਕਰਨ ਲਈ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਹਟਾਉਣ ਦੇ ਪ੍ਰਸਤਾਵ ਲਈ ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਨੇ ਲੋਕ ਸਭਾ ਦੇ ਸਕੱਤਰ ਜਨਰਲ ਨੂੰ ਨੋਟਿਸ ਦਿਤਾ ਹੈ। ਸੂਤਰਾਂ ਨੇ ਦਸਿਆ ਕਿ ਬਜਟ ਸੈਸ਼ਨ ਦਾ ਦੂਜਾ ਪੜਾਅ ਸ਼ੁਰੂ ਹੋਣ ਉਤੇ ਨੋਟਿਸ ਨੂੰ ਵਿਚਾਰ ਲਈ ਸੂਚੀਬੱਧ ਕੀਤੇ ਜਾਣ ਦੀ ਸੰਭਾਵਨਾ ਹੈ। ਭਾਜਪਾ ਦੇ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਵੀਰਵਾਰ ਨੂੰ ਪੀ.ਟੀ.ਆਈ. ਨੂੰ ਦੱਸਿਆ ਕਿ ਉਨ੍ਹਾਂ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਵਿਰੁੱਧ 'ਵਿਸ਼ੇਸ਼ ਮਤਾ' ਲਿਆਉਣ ਲਈ ਨੋਟਿਸ ਦਿੱਤਾ ਹੈ। ਉਨ੍ਹਾਂ ਨੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੀ ਮੈਂਬਰਸ਼ਿਪ ਰੱਦ ਕਰਨ ਅਤੇ ਉਨ੍ਹਾਂ ਨੂੰ ਜੀਵਨ ਭਰ ਲਈ ਚੋਣ ਲੜਨ ਉਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਦੂਬੇ ਮੁਤਾਬਕ ਉਨ੍ਹਾਂ ਨੇ ਅਪਣੇ ਨੋਟਿਸ 'ਚ ਜ਼ਿਕਰ ਕੀਤਾ ਹੈ ਕਿ ਕਿਵੇਂ ਵਿਰੋਧੀ ਧਿਰ ਦੇ ਨੇਤਾ ਵਿਦੇਸ਼ ਜਾਂਦੇ ਹਨ ਅਤੇ ਭਾਰਤ ਵਿਰੋਧੀ ਅਨਸਰਾਂ ਨਾਲ ਮਿਲੀਭੁਗਤ ਕਰਦੇ ਹਨ। ਲੋਕ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਣ ਉੱਤੇ ਧੰਨਵਾਦ ਮਤੇ ਉੱਤੇ ਬਹਿਸ ਦੌਰਾਨ ਰਾਹੁਲ ਗਾਂਧੀ ਨੂੰ ਸਾਬਕਾ ਫੌਜ ਮੁਖੀ ਐਮ.ਐਮ. ਨਰਵਣੇ ਦੀ ਅਣਪ੍ਰਕਾਸ਼ਿਤ ਕਿਤਾਬ ਦਾ ਹਵਾਲਾ ਦੇਣ ਦੀ ਇਜਾਜ਼ਤ ਨਾ ਦਿਤੇ ਜਾਣ ਦੇ ਵਿਰੋਧ 'ਚ ਵਿਰੋਧੀ ਧਿਰ ਦੇ ਅੱਠ ਮੈਂਬਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚ ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਦੀਪ ਸਿੰਘ ਔਜਲਾ, ਹਿਬੀ ਈਡਨ, ਡੀਨ ਕੁਰੀਆਕੋਸ, ਪ੍ਰਸ਼ਾਂਤ ਪਡੋਲੇ, ਕਿਰਨ ਕੁਮਾਰ ਰੈੱਡੀ ਅਤੇ ਮਨਿਕਮ ਟੈਗੋਰ ਅਤੇ ਸੀ.ਪੀ.ਆਈ. (ਐਮ) ਦੇ ਸੰਸਦ ਮੈਂਬਰ ਐਸ ਵੈਂਕਟੇਸਨ ਸ਼ਾਮਲ ਹਨ। ਰਾਜ ਸਭਾ ਦੀ ਮੀਟਿੰਗ ਸਵੇਰੇ 11 ਵਜੇ ਹੋਈ ਅਤੇ ਸਿਫ਼ਰ ਕਾਲ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਪਾਰਟੀਆਂ ਦੇ ਮੈਂਬਰਾਂ ਨੇ ਪ੍ਰਧਾਨ ਦੀ ਇਜਾਜ਼ਤ ਨਾਲ ਜਨਤਕ ਮਹੱਤਵ ਦੇ ਕਈ ਮੁੱਦੇ ਉਠਾਏ। ਇਸ ਤੋਂ ਬਾਅਦ ਸਦਨ ਵਿਚ ਪ੍ਰਸ਼ਨ ਕਾਲ ਦਾ ਸਮਾਂ ਸੀ। ਪ੍ਰਸ਼ਨ ਕਾਲ ਖ਼ਤਮ ਹੋਣ ਤੋਂ ਬਾਅਦ, ਚੇਅਰਮੈਨ ਸੀ.ਪੀ. ਰਾਧਾਕ੍ਰਿਸ਼ਨਨ ਨੇ ਐਲਾਨ ਕੀਤਾ ਕਿ ਜਿਨ੍ਹਾਂ ਮੈਂਬਰਾਂ ਨੇ ਅੱਜ ਵਿਸ਼ੇਸ਼ ਜ਼ਿਕਰ ਰਾਹੀਂ ਜਨਤਕ ਮਹੱਤਵ ਦੇ ਮੁੱਦਿਆਂ ਨੂੰ ਉਠਾਉਣਾ ਸੀ, ਉਨ੍ਹਾਂ ਨੂੰ ਸਦਨ ਵਿਚ ਪੇਸ਼ ਕੀਤਾ ਗਿਆ ਮੰਨਿਆ ਗਿਆ ਹੈ। ਸੰਸਦ ਦਾ ਬਜਟ ਸੈਸ਼ਨ 28 ਜਨਵਰੀ ਨੂੰ ਰਾਸ਼ਟਰਪਤੀ ਦੇ ਲੋਕ ਸਭਾ ਅਤੇ ਰਾਜ ਸਭਾ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਨ ਨਾਲ ਸ਼ੁਰੂ ਹੋਇਆ ਸੀ। 1 ਫ਼ਰਵਰੀ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਲੋਕ ਸਭਾ ਵਿਚ ਬਜਟ ਪੇਸ਼ ਕੀਤਾ ਸੀ ਅਤੇ ਉਸੇ ਦਿਨ ਇਸ ਦੀ ਇਕ ਕਾਪੀ ਰਾਜ ਸਭਾ ਵਿਚ ਪੇਸ਼ ਕੀਤੀ ਗਈ ਸੀ। ਉਪਰਲੇ ਸਦਨ ਵਿਚ 2 ਮਾਰਚ ਨੂੰ ਰਾਸ਼ਟਰਪਤੀ ਦੇ ਸੰਬੋਧਨ ਉੱਤੇ ਧੰਨਵਾਦ ਮਤੇ ਉਤੇ ਚਰਚਾ ਸ਼ੁਰੂ ਹੋਈ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 5 ਫ਼ਰਵਰੀ ਨੂੰ ਇਸ ਚਰਚਾ ਦਾ ਜਵਾਬ ਦਿਤਾ ਸੀ। ਆਮ ਬਜਟ 2026-27 ਉਤੇ ਰਾਜ ਸਭਾ 'ਚ 9 ਮਾਰਚ ਤੋਂ ਚਰਚਾ ਸ਼ੁਰੂ ਹੋਈ ਸੀ, ਜਿਸ ਦਾ ਜਵਾਬ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 12 ਫ਼ਰਵਰੀ ਨੂੰ ਦਿਤਾ ਸੀ। ਉਦਯੋਗਿਕ ਸਬੰਧ ਕੋਡ (ਸੋਧ) ਬਿਲ ਕੱਲ੍ਹ ਉਪਰਲੇ ਸਦਨ 'ਚ ਸੰਖੇਪ ਚਰਚਾ ਤੋਂ ਬਾਅਦ ਪਾਸ ਕਰ ਦਿਤਾ ਗਿਆ। ਇਸ ਬਿਲ ਨੂੰ ਕੱਲ੍ਹ ਲੋਕ ਸਭਾ ਨੇ ਵਿਚਾਰ ਵਟਾਂਦਰੇ ਤੋਂ ਬਾਅਦ ਪਾਸ ਕਰ ਦਿੱਤਾ ਸੀ। ਸੰਸਦ ਦੇ ਬਜਟ ਸੈਸ਼ਨ ਦਾ ਦੂਜਾ ਪੜਾਅ 9 ਮਾਰਚ ਤੋਂ ਸ਼ੁਰੂ ਹੋਵੇਗਾ ਅਤੇ 2 ਅਪ੍ਰੈਲ ਤਕ ਚੱਲੇਗਾ।

## ਅਸੀਂ .ਗੁਲਾਮੀ ਦੀ ਮਾਨਸਿਕਤਾ ਨੂੰ ਬਦਲਣ ਦੀ

ਇਹ ਨਵੀਆਂ ਇਮਾਰਤਾਂ ਹੁਣ ਕਿਸੇ ਮਹਾਰਾਜਾ ਦੀ ਸੋਚ ਨੂੰ ਨਹੀਂ, ਸਗੋਂ 140 ਕਰੋੜ ਦੇਸ਼ਵਾਸੀਆਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਦਾ ਆਧਾਰ ਬਣਨਗੀਆਂ। ਪ੍ਰਧਾਨ ਮੰਤਰੀ ਅਨੁਸਾਰ, ਇਹ ਸਿਰਫ਼ ਨਾਮ ਬਦਲਣ ਦਾ ਫੈਸਲਾ ਨਹੀਂ ਹੈ, ਸਗੋਂ ਸੱਤਾ ਦੇ ਮਿਜਾਜ਼ ਨੂੰ ਸੇਵਾ ਦੀ ਭਾਵਨਾ ਵਿੱਚ ਬਦਲਣ ਦਾ ਇੱਕ ਪਵਿੱਤਰ ਯਤਨ ਹੈ। ਪੀ.ਐਮ. ਮੋਦੀ ਨੇ ਦੱਸਿਆ ਕਿ ਲਗਭਗ 100 ਸਾਲ ਪੁਰਾਣੀਆਂ ਇਮਾਰਤਾਂ ਅੰਦਰੋਂ ਜਰਜਰ ਹੋ ਰਹੀਆਂ ਸਨ ਅਤੇ ਉਨ੍ਹਾਂ ਵਿੱਚ ਨਵੀਂ ਤਕਨਾਲੋਜੀ ਫਿੱਟ ਕਰਨਾ ਮੁਸ਼ਕਿਲ ਸੀ। ਉਨ੍ਹਾਂ ਕਿਹਾ ਕਿ ਜਿੱਥੋਂ ਦੇਸ਼ ਚੱਲਦਾ ਹੈ, ਉਹ ਜਗ੍ਹਾ ਪ੍ਰਭਾਵਸ਼ਾਲੀ ਅਤੇ ਪ੍ਰੇਰਨਾਦਾਇਕ ਹੋਣੀ ਚਾਹੀਦੀ ਹੈ। ਇਨ੍ਹਾਂ ਨਵੀਆਂ ਇਮਾਰਤਾਂ ਨਾਲ ਸਰਕਾਰ ਦਾ ਖਰਚਾ ਵੀ ਘੱਟ ਹੋਵੇਗਾ।

## ਕਿਸਾਨ ਸੰਗਠਨਾਂ ਵੱਲੋਂ

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

# ਪਹਿਲੇ ਸ.ਫੇ ਦੀ ਬਾਕੀ

## ਸੰਸਦ 'ਚ

ਉਤਪਾਦਾਂ ਦੀ ਵਧਦੀ ਦਰਾਮਦ ਭਾਰਤੀ ਕਿਸਾਨਾਂ 'ਤੇ ਆਰਥਿਕ ਦਬਾਅ ਵਧਾ ਸਕਦੀ ਹੈ, ਖਾਸ ਕਰਕੇ ਅਜਿਹੇ ਸਮੇਂ ਵਿੱਚ ਜਦੋਂ ਭਾਰਤੀ ਖੇਤੀਬਾੜੀ ਖੇਤਰ ਪਹਿਲਾਂ ਹੀ ਲਾਗਤਾਂ, ਕਰਜ਼ੇ ਅਤੇ ਬਾਜ਼ਾਰ ਅਨਿਸ਼ਚਿਤਤਾਵਾਂ ਨਾਲ ਜੂਝ ਰਿਹਾ ਹੈ। ਮੀਟਿੰਗ ਦੌਰਾਨ, ਕਿਸਾਨ ਸੰਗਠਨਾਂ ਨੇ ਇਹ ਵੀ ਦੱਸਿਆ ਕਿ ਐਮ.ਐਸ.ਪੀ. ਗਾਰੰਟੀ ਕਾਨੂੰਨ ਬਾਰੇ ਵਿਰੋਧੀ ਧਿਰ ਵੱਲੋਂ ਸੰਸਦ ਵਿੱਚ ਕੋਈ ਵੀ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਨਹੀਂ ਕੀਤਾ ਗਿਆ ਹੈ, ਭਾਵੇਂ ਇਹ ਕਿਸਾਨਾਂ ਦੀ ਇੱਕ ਮੁੱਖ ਮੰਗ ਹੈ। ਇਸ ਤੋਂ ਇਲਾਵਾ, ਵਫ਼ਦ ਨੇ ਬਜਟ 2024 ਵਿੱਚ ਕਿਸਾਨ ਕ੍ਰੈਡਿਟ ਕਾਰਡ (ਕੇ.ਸੀ.ਸੀ.) ਦੀ ਸੀਮਾ 3 ਲੱਖ ਤੋਂ ਵਧਾ ਕੇ 5 ਲੱਖ ਕਰਨ ਦੇ ਸਰਕਾਰ ਦੇ ਐਲਾਨ ਦਾ ਜ਼ਿਕਰ ਕੀਤਾ, ਇਹ ਕਹਿੰਦੇ ਹੋਏ ਕਿ ਇਸ ਸਬੰਧ ਵਿੱਚ ਅਜੇ ਤੱਕ ਕੋਈ ਅਧਿਕਾਰਤ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਹੈ। ਕਿਸਾਨ ਸੰਗਠਨਾਂ ਨੇ ਇਹ ਵੀ ਕਿਹਾ ਕਿ ਜਦੋਂ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਖੇਤੀਬਾੜੀ ਖੇਤਰ ਨੂੰ ਵਿਆਪਕ ਸਰਕਾਰੀ ਸਬਸਿਡੀਆਂ ਅਤੇ ਸੁਰੱਖਿਆ ਮਿਲਦੀ ਹੈ, ਭਾਰਤ ਵਿੱਚ ਛੋਟੇ ਅਤੇ ਸੀਮਾਂਤ ਕਿਸਾਨ ਸੀਮਤ ਸਰੋਤਾਂ ਨਾਲ ਖੇਤੀ ਕਰ ਰਹੇ ਹਨ। ਨਤੀਜੇ ਵਜੋਂ, ਆਯਾਤ-ਅਧਾਰਤ ਮੁਕਾਬਲਾ ਭਾਰਤੀ ਖੇਤੀਬਾੜੀ ਨੂੰ ਪ੍ਰਭਾਵਤ ਕਰ ਸਕਦਾ ਹੈ। ਵਫ਼ਦ ਨੇ ਮੰਗ ਕੀਤੀ ਕਿ ਕਿਸੇ ਵੀ ਅੰਤਰਰਾਸ਼ਟਰੀ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਕਿਸਾਨਾਂ ਅਤੇ ਖੇਤੀਬਾੜੀ ਸੰਗਠਨਾਂ ਨਾਲ ਰਸਮੀ ਸਲਾਹ-ਮਸ਼ਵਰਾ ਜ਼ਰੂਰੀ ਹੋਵੇ।

## ਰਾਜਪੁਰਾ 'ਚ ਨਵਾਂ ਸਟੇਟ ਐਂਟੀ-ਗੈਂਗਸਟਰ ਟਾਸਕ

ਕੀਤਾ ਜਾ ਰਿਹਾ ਸੀ। ਜਿਸ ਕਾਰਨ ਐਂਟੀ ਗੈਂਗਸਟਰ ਟਾਸਕ ਫੋਰਸ ਦੀ ਵਿਸ਼ੇਸ਼ ਤਾਕਤਾਂ 'ਤੇ ਵੀ ਅਸਰ ਪੈਂਦਾ ਨਜ਼ਰ ਆ ਰਿਹਾ ਸੀ। ਜਿਸ ਨੂੰ ਦੇਖਦੇ ਹੋਏ ਹੁਣ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਐਂਟੀ ਗੈਂਗਸਟਰ ਟਾਸਕ ਫੋਰਸ ਦਾ ਸੂਬਾ ਪੱਧਰੀ ਪੁਲਿਸ ਸਟੇਸ਼ਨ ਹੀ ਬਣਾ ਦਿੱਤਾ ਗਿਆ ਹੈ ਤਾਂ ਕਿ ਸੂਬੇ ਵਿੱਚ ਐਂਟੀ ਗੈਂਗਸਟਰ ਟਾਸਕ ਫੋਰਸ ਕਿਸੇ ਵੀ ਥਾਂ 'ਤੇ ਕਾਰਵਾਈ ਕਰੇ ਤਾਂ ਉਹ ਉਸ ਮਾਮਲੇ ਵਿੱਚ ਐਫ.ਆਈ.ਆਰ. ਤੋਂ ਲੈ ਕੇ ਪੁਲਿਸ ਦੀ ਕਾਰਵਾਈ ਰਾਜਪੂਰਾ ਵਿਖੇ ਹੀ ਕਰਵਾ ਸਕੇਗੀ।

## ਆਈ.ਪੀ.ਐਲ. ਦੀ ਤਰਜ਼ 'ਤੇ ਸੂਬੇ 'ਚ ਕਰਵਾਈ ਜਾਵੇਗੀ

ਉਨ੍ਹਾਂ ਪੋਸਟ ਵਿੱਚ ਲਿਖਿਆ ਕਿ ਪੰਜਾਬ ਦੇ ਨੌਜਵਾਨਾਂ ਦੀ ਪ੍ਰਤਿਭਾ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉੱਚਾ ਚੁੱਕਣ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਇਸ ਦੇ ਹਿੱਸੇ ਵਜੋਂ ਆਈ.ਪੀ.ਐਲ. ਦੀ ਤਰਜ 'ਤੇ ਬਣਾਈ ਗਈ ਪੰਜਾਬ ਕ੍ਰਿਕਟ ਲੀਗ ਨੂੰ ਪੰਜਾਬ ਵਿੱਚ ਹੋਰ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜਨ ਲਈ ਮਨਜ਼ੂਰੀ ਦਿੱਤੀ ਗਈ ਹੈ। 9 ਫਰਵਰੀ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਖੇਡ ਵਿਭਾਗ ਨਾਲ ਇੱਕ ਮੀਟਿੰਗ ਵਿੱਚ ਪੰਜਾਬ ਕ੍ਰਿਕਟ ਲੀਗ (ਪੀ.ਸੀ.ਐਲ.) ਲਈ ਇੱਕ ਰਣਨੀਤੀ ਤਿਆਰ ਕੀਤੀ, ਜਿਸ ਨੂੰ ਅੱਜ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਨੂੰ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਦੇ ਤਰਜ਼ 'ਤੇ ਬਣਾਇਆ ਜਾਵੇਗਾ, ਜਿਸ ਵਿੱਚ ਜ਼ਿਲ੍ਹਾ-ਅਧਾਰਤ ਅਤੇ ਖੇਤਰੀ ਟੀਮਾਂ (ਜਿਵੇਂ ਕਿ ਮਾਝਾ, ਦੋਆਬਾ, ਮਾਲਵਾ, ਆਦਿ) ਸ਼ਾਮਲ ਹੋਣਗੀਆਂ। ਇਸ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਅਤੇ ਉਨ੍ਹਾਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਹੈ। ਸਰਕਾਰ ਇਸ ਨੂੰ ਬੈਟ ਓਵਰ ਡਰੱਗਸ ਵਜੋਂ ਦੇਖਦੀ ਹੈ। ਇਸ ਦਾ ਉਦੇਸ਼ ਸੂਬੇ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਖੇਡ ਵਿਰਾਸਤ ਨੂੰ ਬਹਾਲ ਕਰਨਾ ਅਤੇ ਨਵੀਂ ਕ੍ਰਿਕਟ ਪ੍ਰਤਿਭਾ ਨੂੰ ਉਤਸ਼ਾਹਿਤ ਕਰਨਾ ਵੀ ਹੈ। ਪੰਜਾਬ ਸਰਕਾਰ ਲੀਗ ਦਾ ਆਯੋਜਨ ਕਰਨ ਲਈ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ.ਸੀ.ਏ.) ਨਾਲ ਭਾਈਵਾਲੀ ਕਰੇਗੀ। ਇਹ ਲੀਗ ਉਨ੍ਹਾਂ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਜਾਵੇਗੀ। ਇਹ ਸਮਾਗਮ ਵੱਡੇ ਪੱਧਰ 'ਤੇ ਆਯੋਜਿਤ ਕੀਤਾ ਜਾਵੇਗਾ। ਸਰਕਾਰ ਨੂੰ ਉਮੀਦ ਹੈ ਕਿ ਇਹ ਨੌਜਵਾਨਾਂ ਵਿੱਚ ਲੀਡਰਸ਼ਿਪ ਗੁਣ ਪੈਦਾ ਕਰੇਗਾ ਅਤੇ ਭਾਰਤ ਨੂੰ ਕੁਆਲਿਟੀ ਵਾਲੇ ਖਿਡਾਰੀ ਪ੍ਰਦਾਨ ਕਰੇਗਾ।

## ਪੰਜਾਬ 'ਚ ਤਿੱਖੀ ਧੁੱਪ ਕਾਰਨ

ਗੜਬੜੀ ਆਵੇਗੀ। ਹਾਲਾਂਕਿ, 16 ਫਰਵਰੀ ਨੂੰ ਪਹਾੜਾਂ ਵਿੱਚ ਕੁਝ ਗਤੀਵਿਧੀਆਂ ਸ਼ੁਰੂ ਹੋ ਜਾਣਗੀਆਂ। ਖੇਤਰ ਵਿਚ ਬੱਦਲਵਾਈ ਹੋ ਸਕਦੀ ਹੈ। ਇੱਥੇ ਇੱਕ ਚੱਕਰਵਾਤੀ ਸਰਕੂਲੇਸ਼ਨ ਵਿਕਸਤ ਹੋਵੇਗਾ। ਪਾਕਿਸਤਾਨ ਅਤੇ ਰਾਜਸਥਾਨ ਤੋਂ ਹਵਾਵਾਂ ਆਉਣਗੀਆਂ। ਬਿਹਾਰ ਦੇ ਨੇੜੇ ਬੰਗਾਲ ਦੀ ਖਾੜੀ ਅਤੇ ਅਰਬ ਸਾਗਰ ਤੋਂ ਹਵਾਵਾਂ ਇੱਕ ਚੱਕਰਵਾਤੀ ਸਰਕੂਲੇਸ਼ਨ ਅਤੇ ਇੱਕ ਪੱਛਮੀ ਗੜਬੜ ਪੈਦਾ ਕਰਨਗੀਆਂ। ਇਸ ਨਾਲ 17 ਤਰੀਕ ਨੂੰ ਮਹੱਤਵਪੂਰਨ ਮੌਸਮੀ ਗਤੀਵਿਧੀਆਂ ਹੋਣਗੀਆਂ। ਨਤੀਜੇ ਵਜੋਂ, ਪੰਜਾਬ ਦੇ ਕੁਝ ਖੇਤਰਾਂ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਦੇ ਅਨੁਸਾਰ, 13 ਤੋਂ 19 ਫਰਵਰੀ ਤੱਕ ਮੌਸਮ ਇਸੇ ਤਰ੍ਹਾਂ ਰਹੇਗਾ। ਭਾਰੀ ਬਾਰਿਸ਼ ਦੀ ਉਮੀਦ ਨਹੀਂ ਹੈ। ਸੂਬੇ ਦੇ ਉੱਤਰੀ ਅਤੇ ਪੂਰਬੀ ਹਿੱਸਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ 22 ਤੋਂ 24 ਡਿਗਰੀ ਸੈਲਸੀਅਸ ਅਤੇ ਬਾਕੀ ਖੇਤਰਾਂ ਵਿੱਚ 24 ਤੋਂ 28 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦੀ ਉਮੀਦ ਹੈ। ਮੌਸਮ ਵਿਭਾਗ ਦੇ ਡਾਇਰੈਕਟਰ ਸੁਰੇਂਦਰ ਪਾਲ ਸਿੰਘ ਨੇ ਕਿਹਾ ਕਿ 17 ਫਰਵਰੀ ਨੂੰ ਰਾਜ ਵਿੱਚ ਵੱਖ-ਵੱਖ ਥਾਵਾਂ 'ਤੇ ਹਲਕੀ ਬਾਰਿਸ਼ ਹੋ ਸਕਦੀ ਹੈ ਅਤੇ 13 ਤੋਂ 15 ਤਰੀਕ ਤੱਕ ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ। 17 ਫਰਵਰੀ ਨੂੰ ਰਾਜ ਵਿੱਚ ਵੱਖ-ਵੱਖ ਥਾਵਾਂ 'ਤੇ ਬਿਜਲੀ ਗਰਜਣ ਦੀ ਵੀ ਸੰਭਾਵਨਾ ਹੈ।

## ਜੰਗਲੀ ਹਾਥੀਆਂ ਦੇ ਹਮਲੇ 'ਚ ਇੱਕ

ਹਾਥੀਆਂ ਦੇ ਇੱਕ ਝੁੰਡ ਦੇ ਹਮਲੇ 'ਚ 6 ਲੋਕਾਂ ਦੀ ਮੌਤ ਹੋ ਗਈ। ਉੱਜਵਲ ਨੇ ਕਿਹਾ,"ਮ੍ਰਿਤਕਾਂ 'ਚ ਇੱਕੋ ਪਰਿਵਾਰ ਦੇ ਚਾਰ ਮੈਂਬਰ ਸ਼ਾਮਲ ਹਨ। ਇਕ ਬੱਚਾ ਵੀ ਗੰਭੀਰ ਰੂਪ ਨਾਲ ਜ਼ਖ਼ਮੀ ਹੋਇਆ ਹੈ।" ਉਨ੍ਹਾਂ ਦੱਸਿਆ ਕਿ ਬੱਚੇ ਨੂੰ ਇਲਾਜ ਲਈ ਹਜ਼ਾਰੀਬਾਗ ਦੇ ਸਦਰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਉੱਜਵਲ ਨੇ ਦੱਸਿਆ ਕਿ ਹਾਥੀਆਂ ਦਾ ਇਹ ਝੁੰਡ ਪਿਛਲੇ ਕੁਝ ਦਿਨਾਂ ਤੋਂ ਬੋਕਾਰੋ, ਰਾਮਗੜ੍ਹ ਅਤੇ ਹਜ਼ਾਰੀਬਾਗ ਜ਼ਿਲ੍ਹਿਆਂ 'ਚ ਘੁੰਮ ਰਿਹਾ ਹੈ ਅਤੇ ਇਸ ਝੁੰਡ ਨੇ ਇਸ ਤੋਂ ਪਹਿਲਾਂ ਬੋਕਾਰੋ 'ਚ ਲੋਕਾਂ 'ਤੇ ਹਮਲਾ ਕੀਤਾ ਸੀ। ਉਨ੍ਹਾਂ ਦੱਸਿਆ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜਿਆ ਜਾਵੇਗਾ। ਉਨ੍ਹਾਂ ਕਿਹਾ,"ਜਦੋਂ ਹਾਥੀਆਂ ਦਾ ਝੁੰਡ ਬਲਾਕ 'ਚ ਦਾਖ਼ਲ ਹੋਇਆ ਤਾਂ ਅਸੀਂ ਜਨਤਕ ਸੰਬੋਧਨ ਪ੍ਰਣਾਲੀ ਰਾਹੀਂ ਪਿੰਡ ਵਾਸੀਆਂ ਨੂੰ ਸੁਚੇਤ ਕੀਤਾ। ਬਦਕਿਸਮਤੀ ਨਾਲ ਹਾਥੀਆਂ ਦੇ ਹਮਲੇ 'ਚ 6 ਲੋਕਾਂ ਦੀ ਮੌਤ ਹੋ ਗਈ।" ਉਨ੍ਹਾਂ ਕਿਹਾ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਇਸ ਵਿਚ, ਅਧਿਕਾਰੀ ਨੇ ਦੱਸਿਆ ਕਿ ਹਾਥੀਆਂ ਦੇ ਝੁੰਡ ਨੂੰ ਇਲਾਕੇ ਤੋਂ ਦੌੜਾਉਣ ਲਈ ਤੁਰੰਤ ਪ੍ਰਤੀਕਿਰਿਆ ਟੀਮ ਤਾਇਨਾਤ ਕੀਤੀ ਗਈ ਹੈ।

## ਸ਼ਰਾਬ ਭੁੱਲੇਖੇ ਭਾਂਡੇ ਧੋਣ ਵਾਲਾ ਕੈਮੀਕਲ

ਪਲਾਸਟਿਕ ਦੀਆਂ ਚਾਰ ਬੋਤਲਾਂ ਚੋਰੀ ਛੁਪੇ ਆਪਣੇ ਨਾਲ ਘਰ ਲੈ ਆਈਆਂ। ਇਨ੍ਹਾਂ ਬੋਤਲਾਂ ਵਿੱਚ ਪਾਣੀ ਵਰਗਾ ਪਾਰਦਰਸ਼ੀ ਪਦਾਰਥ ਭਰਿਆ ਹੋਇਆ ਸੀ, ਜਿਸ ਨੂੰ ਉਨ੍ਹਾਂ ਨੇ ਸ਼ਰਾਬ ਸਮਝ ਲਿਆ। ਜ਼ਿਲ੍ਹਾ ਪੁਲਿਸ ਸੁਪਰਡੈਂਟ ਧਰਮਿੰਦਰ ਸਿੰਘ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਬੋਤਲਾਂ ਵਿੱਚ 'ਮੈਥੇਨੌਲ ਕਾਰਬਨਿਕ ਸਾਲਟ' ਸੀ, ਜਿਸ ਦੀ ਵਰਤੋਂ ਵਿਆਹਾਂ ਵਿੱਚ ਖਾਣਾ ਗਰਮ ਰੱਖਣ ਲਈ ਬਾਲਣ ਵਜੋਂ ਕੀਤੀ ਜਾਂਦੀ ਹੈ। ਵੀਰਵਾਰ ਰਾਤ ਨੂੰ ਜਿਵੇਂ ਹੀ ਪਰਿਵਾਰਕ ਮੈਂਬਰਾਂ ਨੇ ਸ਼ਰਾਬ ਵਾਲੇ ਕੈਮੀਕਲ ਦਾ ਸੇਵਨ ਕੀਤਾ, ਉਨ੍ਹਾਂ ਦੀ ਹਾਲਤ ਵਿਗੜ ਗਈ। ਰਾਤ ਦੇ ਸਮੇਂ ਉਨ੍ਹਾਂ ਨੂੰ ਉਲਟੀਆਂ ਹੋਣ ਲੱਗੀਆਂ। ਸਿਹਤ ਜ਼ਿਆਦਾ ਖ਼ਰਾਬ ਹੋਣ ਕਾਰਨ ਪੀੜਤਾਂ ਨੂੰ ਤੁਰੰਤ ਗੰਗਾਪੁਰ ਦੇ ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ, ਪਰ ਇਲਾਜ ਦੌਰਾਨ ਚਾਰਾਂ ਨੇ ਦਮ ਤੋੜ ਦਿੱਤਾ। ਮ੍ਰਿਤਕਾਂ ਦੀ ਪਛਾਣ ਜਮਨੀ ਬਾਈ (62 ਸਾਲ), ਸੁਸ਼ੀਲਾ ਦੇਵੀ (48 ਸਾਲ), ਰਤਨ (49 ਸਾਲ), ਬਦਾਮੀ ਦੇਵੀ ਵਜੋਂ ਹੋਈ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਵੀ ਮੌਕੇ 'ਤੇ ਪਹੁੰਚ ਗਈ, ਜਿਸ ਵੱਲੋਂ ਸਥਿਤੀ ਦਾ ਜਾਇਜ਼ਾ ਲਿਆ ਗਿਆ। ਐਫ.ਐਸ.ਐਲ. ਦੀ ਟੀਮ ਨੇ ਘਟਨਾ ਸਥਾਨ ਤੋਂ ਨਮੂਨੇ ਇਕੱਠੇ ਕੀਤੇ ਹਨ ਤਾਂ ਜੋ ਕੈਮੀਕਲ ਦੀ ਅਸਲ ਪ੍ਰਕਿਰਤੀ ਦੀ ਪੁਸ਼ਟੀ ਹੋ ਸਕੇ। ਲਾਸ਼ਾਂ ਦਾ ਪੋਸਟਮਾਰਟਮ ਮੈਡੀਕਲ ਬੋਰਡ ਰਾਹੀਂ ਕਰਵਾਇਆ ਜਾ ਰਿਹਾ ਹੈ। ਇਸ ਮੰਦਭਾਗੀ ਘਟਨਾ ਤੋਂ ਬਾਅਦ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

## ਸਕੱਤਰ ਪ੍ਰਤਾਪ ਸਿੰਘ ਦਾ ਤਬਾਦਲਾ ਸਿਰ.ਫ ਪਰਦਾ

ਬਚਾਉਣ ਲਈ ਅਧੂਰੀਆਂ ਕਾਰਵਾਈਆਂ ਕੀਤੀਆਂ ਜਾਂਦੀਆਂ ਰਹੀਆਂ ਹਨ, ਜਿਸ ਕਰਕੇ ਸਰਕਾਰ ਦੇ ਦਖ਼ਲ ਲਈ ਰਾਹ ਪੱਧਰਾ ਹੁੰਦਾ ਹੈ, ਜਿਹੜਾ ਸਾਡੀਆਂ ਸਿੱਖ ਸੰਸਥਾਵਾਂ ਲਈ ਸਹੀ ਨਹੀਂ ਹੈ। ਇਥੇ ਇਹ ਦੱਸਣਯੋਗ ਹੈ ਕਿ ਸੋਸ਼ਲ ਮੀਡੀਆ ਤੇ ਸਕੱਤਰ ਪ੍ਰਤਾਪ ਸਿੰਘ ਨੂੰ ਹਟਾਏ ਜਾਣ ਦੀ ਗੱਲ ਚੱਲ ਰਹੀ ਹੈ ਜਦ ਕਿ ਇਹ ਪ੍ਰਬੰਧ ਨੂੰ ਮੁੱਖ ਰੱਖਦਿਆਂ ਵਿਭਾਗਾਂ ਦੀਆਂ ਅਦਲੀਆ ਬਦਲੀਆਂ ਹਨ ।ਇਥੇ ਇਹ ਵੀ ਦੱਸਣ ਯੋਗ ਹੈ ਕਿ ਸਕੱਤਰ ਪ੍ਰਤਾਪ ਸਿੰਘ ਪਾਸੋਂ ਗੁਰਦੁਆਰਾ ਸੈਕਸ਼ਨ 85 ਦਾ ਵਿਭਾਗ ਗੁਰਿੰਦਰ ਸਿੰਘ ਮਥਰੇਵਾਲ ਵਧੀਕ ਸਕੱਤਰ ਨੂੰ ਸੌਂਪਿਆ ਗਿਆ ਹੈ ਜੋ ਕਿ ਪਿਛਲੇ ਸਾਲ ਗੁਰਿੰਦਰ ਸਿੰਘ ਮਥਰੇਵਾਲ ਪਾਸ ਪਹਿਲਾਂ ਹੀ ਮੌਜੂਦ ਸੀ ।ਗੁਰਿੰਦਰ ਸਿੰਘ ਮਥਰੇਵਾਲ ਜਦੋਂ ਵਿਦੇਸ਼ ਛੁੱਟੀ ਗਏ ਸਨ। ਉਸ ਸਮੇਂ ਸਕੱਤਰ ਪ੍ਰਤਾਪ ਸਿੰਘ ਨੂੰ ਗੁਰਦੁਆਰਾ ਸੈਕਸ਼ਨ 85 ਦਾ ਵਿਭਾਗ ਵਾਧੂ ਤੌਰ 'ਤੇ ਸੌਂਪਿਆ ਗਿਆ ਸੀ, ਜਿਸ ਨੂੰ ਹੁਣ ਵਾਪਸ ਲੈ ਕੇ ਵਧੀਕ ਸਕੱਤਰ ਮੱਥਰੇਵਾਲ ਨੂੰ ਅਜਾਦਆਨਾ ਤੌਰ 'ਤੇ ਪਹਿਲਾਂ ਦੀ ਤਰ੍ਹਾਂ ਸੌਂਪਿਆ ਗਿਆ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਬੰਧ ਨੂੰ ਮੁੱਖ ਰੱਖਦਿਆਂ ਕੁਝ ਸਕੱਤਰਾਂ ਦੇ ਵਿਭਾਗਾਂ ਵਿੱਚ ਤਬਦੀਲੀ ਕੀਤੀ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਨੂੰ ਧਰਮ ਪ੍ਰਚਾਰ ਕਮੇਟੀ ਵਿਚ ਮੀਤ ਸਕੱਤਰ ਲਗਾਇਆ ਹੈ । ਧਰਮ ਪ੍ਰਚਾਰ ਕਮੇਟੀ ਦੇ ਮੀਤ ਸਕੱਤਰ ਗੁਰਦਿਆਲ ਸਿੰਘ ਨੂੰ ਜਸਵਿੰਦਰ ਸਿੰਘ ਜੱਸੀ ਦੀ ਥਾਂ ਤੇ ਟਰੱਸਟ ਵਿਭਾਗ, ਵਿਦੇਸ਼ ਵਿਭਾਗ ਤੇ ਵਿਦਿਆ ਵਿਭਾਗ ਸੌਂਪਿਆ ਹੈ। ਇਸ ਤਰ੍ਹਾਂ ਗੁਰਦੁਆਰਾ ਸੈਕਸ਼ਨ 85 ਅਤੇ ਫਲਾਇੰਗ ਵਿਭਾਗ ਦੇ ਇੰਚਾਰਜਾਂ ਨੂੰ ਆਪਸ ਵਿੱਚ ਤਬਦੀਲ ਕੀਤਾ ਹੈ।

## ਉਪ ਮੁੱਖ ਮੰਤਰੀ ਦੇ ਅਹੁਦੇ ਲਈ ਹੁਣ ਡਾ. ਬਲਜੀਤ ਕੌਰ

ਤਾਂ ਇੱਕ ਦਲਿਤ ਨੂੰ ਉਪ ਮੁੱਖ ਮੰਤਰੀ ਵਜੋਂ ਨਿਯੁਕਤ ਕੀਤਾ ਜਾਵੇਗਾ। ਹਾਲਾਂਕਿ, 'ਆਪ' ਉਦੋਂ ਸਰਕਾਰ ਨਹੀਂ ਬਣਾ ਸਕੀ। ਇਹ 2022 ਵਿੱਚ ਸੱਤਾ ਵਿੱਚ ਆਈ। ਵਿਰੋਧੀ ਧਿਰ ਨੇ ਉਦੋਂ ਤੋਂ 'ਆਪ' ਨੂੰ ਕਈ ਵਾਰ ਵਾਅਦਾ ਪੂਰਾ ਕਰਨ ਲਈ ਯਾਦ ਦਿਵਾਇਆ ਹੈ।

ਚੀਮਾ ਇੱਕ ਪ੍ਰਮੁੱਖ ਹਸਤੀ ਹੈ ਅਤੇ ਵਿੱਤ, ਟੈਕਸ ਅਤੇ ਆਬਕਾਰੀ ਵਰਗੇ ਮੁੱਖ ਵਿਭਾਗਾਂ ਨੂੰ ਸੰਭਾਲਦੀ ਹੈ। ਉਹ ਮੁੱਖ ਮੰਤਰੀ ਤੋਂ ਬਾਅਦ ਕੈਬਨਿਟ ਵਿੱਚ ਦੂਜੇ ਸਭ ਤੋਂ ਸੀਨੀਅਰ ਮੰਤਰੀ ਵੀ ਹਨ, ਅਤੇ ਪਹਿਲਾਂ ਕਾਂਗਰਸ ਸਰਕਾਰ ਦੌਰਾਨ ਵਿਰੋਧੀ ਧਿਰ ਦੇ ਨੇਤਾ ਵਜੋਂ ਸੇਵਾ ਨਿਭਾ ਚੁੱਕੇ ਹਨ। 'ਪਾਰਟੀ ਉਨ੍ਹਾਂ ਨੂੰ ਸਮੱਸਿਆ-ਨਿਵਾਰਕ ਮੰਨਦੀ ਹੈ। ਉਨ੍ਹਾਂ ਨੂੰ ਅਕਸਰ ਸੰਵੇਦਨਸ਼ੀਲ ਰਾਜਨੀਤਿਕ ਸਥਿਤੀਆਂ ਨੂੰ ਸੰਭਾਲਣ ਅਤੇ ਚੁਣੌਤੀਪੂਰਨ ਸਮੇਂ ਦੌਰਾਨ ਪ੍ਰਦਰਸ਼ਨਕਾਰੀ ਕਰਮਚਾਰੀ ਯੂਨੀਅਨਾਂ ਨਾਲ ਜੁੜਨ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਰਹੀ ਹੈ। ਪਰ ਹੁਣ ਡਾ. ਬਲਜੀਤ ਕੌਰ ਦਾ ਨਾਮ ਸਾਹਮਣੇ ਆ ਰਿਹਾ ਹੈ।

ਸੂਤਰਾਂ ਨੇ ਅੱਗੇ ਕਿਹਾ ਕਿ ਡਾ. ਬਲਜੀਤ ਕੌਰ ਨੂੰ ਡਿਪਟੀ ਮੁੱਖ ਮੰਤਰੀ ਵਜੋਂ ਨਾਮਜ਼ਦ ਕਰਨ ਦਾ ਐਲਾਨ, ਜਿਸਦੀ ਹੁਣ ਤੱਕ ਉਮੀਦ ਕੀਤੀ ਜਾ ਰਹੀ ਸੀ, ਨਹੀਂ ਕੀਤਾ ਗਿਆ, ਕਿਉਂਕਿ ਇਸ ਨਾਲ ਕਈ ਸਮੱਸਿਆਵਾਂ ਵੀ ਖੜ੍ਹੀਆਂ ਹੋ ਸਕਦੀਆਂ ਹਨ। ਪਹਿਲੀ ਸਮੱਸਿਆ ਇਹ ਹੈ ਕਿ ਡਾ. ਬਲਜੀਤ ਕੌਰ ਮਲੋਟ ਤੋਂ ਪਹਿਲੀ ਵਾਰ ਵਿਧਾਇਕ ਹਨ। ਉਹ ਇਸ ਸਮੇਂ ਮੰਤਰੀ ਮੰਡਲ ਵਿਚ ਚੌਥੇ ਸਥਾਨ 'ਤੇ ਹਨ ਅਤੇ ਪੰਜਾਬ ਸਰਕਾਰ ਵਿੱਚ ਇਕਲੌਤੀ ਮਹਿਲਾ ਮੰਤਰੀ ਹਨ। ਜੇਕਰ ਡਾ. ਬਲਜੀਤ ਕੌਰ ਨੂੰ ਉਪ ਮੁੱਖ ਮੰਤਰੀ ਬਣਾਇਆ ਜਾਂਦਾ ਹੈ ਤਾਂ ਇਹ ਫ਼ੈਸਲਾ ਚੀਮਾ ਅਤੇ ਉਨ੍ਹਾਂ ਦੇ ਸਮਰਥਕਾਂ ਅਤੇ ਵਲੰਟੀਅਰਾਂ ਨੂੰ ਪਰੇਸ਼ਾਨ ਕਰ ਸਕਦਾ ਹੈ। ਪਾਰਟੀ ਸਾਰੇ ਵਿਕਲਪਾਂ 'ਤੇ ਵਿਚਾਰ ਕਰ ਰਹੀ ਹੈ।

ਇਹ ਪਤਾ ਲੱਗਿਆ ਹੈ ਕਿ ਮਾਨ ਆਪਣੇ ਸਹਾਇਕ ਕੁਲਦੀਪ ਸਿੰਘ ਧਾਲੀਵਾਲ ਨੂੰ ਮੰਤਰੀ ਮੰਡਲ ਵਿੱਚ ਦੁਬਾਰਾ ਸ਼ਾਮਲ ਕਰਨ ਦਾ ਵੀ ਸਮਰਥਨ ਕਰ ਰਹੇ ਹਨ। ਧਾਲੀਵਾਲ ਨੂੰ ਪਿਛਲੇ ਸਾਲ ਹੀ ਮੰਤਰੀ ਮੰਡਲ ਵਿਚੋਂ ਬਾਹਰ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਪਾਰਟੀ ਦਾ ਬੁਲਾਰਾ ਨਿਯੁਕਤ ਕੀਤਾ ਗਿਆ ਸੀ। 'ਸਰਕਾਰ ਨੇ ਅਜੇ ਤੱਕ ਉਨ੍ਹਾਂ ਦਾ ਸਰਕਾਰੀ ਬੰਗਲਾ ਖਾਲੀ ਨਹੀਂ ਕਰਵਾਇਆ ਹੈ। ਇਹ ਦਰਸਾਉਂਦਾ ਹੈ ਕਿ ਉਨ੍ਹਾਂ ਨੂੰ ਦੁਬਾਰਾ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਹੈ,' ਇੱਕ ਸੂਤਰ ਨੇ ਕਿਹਾ।

# ਕੇਂਦਰ ਵੱਲੋਂ ਹਰਿਆਣਾ ਤੇ ਹਿਮਾਚਲ ਸਮੇਤ ਕਈ ਸੂਬਿਆਂ ਨੂੰ ਪੇਂਡੂ ਸਥਾਨਕ ਸੰਸਥਾਵਾਂ ਲਈ ਰਕਮ ਜਾਰੀ




ਚੰਡੀਗੜ੍ਹ, 13 ਫਰਵਰੀ (ਅੰਮ੍ਰਿਤਪਾਲ ਸਿੰਘ): ਕੇਂਦਰ ਸਰਕਾਰ ਨੇ 12 ਫਰਵਰੀ ਨੂੰ ਬਿਹਾਰ, ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਿੱਚ ਪੰਚਾਇਤੀ ਰਾਜ ਸੰਸਥਾਵਾਂ (ਪੀਆਰਆਈ)/ਪੇਂਡੂ ਸਥਾਨਕ ਸੰਸਥਾਵਾਂ (ਆਰਐੱਲਬੀ) ਨੂੰ ਵਿੱਤੀ ਸਾਲ 2025-26 ਲਈ 15ਵੇਂ ਵਿੱਤ ਕਮਿਸ਼ਨ ਦੀਆਂ ਖੁੱਲ੍ਹੀਆਂ ਗ੍ਰਾਂਟਾਂ ਦੀ ਦੂਜੀ ਕਿਸ਼ਤ ਨੂੰ ਮਨਜ਼ੂਰੀ ਮਗਰੋਂ ਜਾਰੀ ਕਰ ਦਿੱਤਾ ਗਿਆ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਸ਼ਾਸਨ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ ਅਤੇ ਲੋੜ-ਮੁਤਾਬਿਕ ਸਥਾਨਕ ਵਿਕਾਸ ਨੂੰ ਸਮਰੱਥ ਬਣਾਇਆ ਜਾ ਸਕੇ।

ਇਸ ਕਿਸ਼ਤ ਦੇ ਤਹਿਤ, ਬਿਹਾਰ ਨੂੰ 80,240.00 ਲੱਖ ਰੁਪਏ (802.40 ਕਰੋੜ ਰੁਪਏ) ਪ੍ਰਾਪਤ ਹੋਏ ਹਨ, ਜਿਸ ਨਾਲ ਸਾਰੀਆਂ 38 ਜ਼ਿਲ੍ਹਾ ਪੰਚਾਇਤਾਂ (ਡੀਪੀ), 533 ਬਲਾਕ ਪੰਚਾਇਤਾਂ (ਬੀਪੀ) ਅਤੇ 8,053 ਗ੍ਰਾਮ ਪੰਚਾਇਤਾਂ (ਜੀਪੀ) ਨੂੰ ਲਾਭ ਹੋਇਆ ਹੈ, ਨਾਲ ਹੀ 3 ਬਲਾਕ ਪੰਚਾਇਤਾਂ ਅਤੇ 7 ਗ੍ਰਾਮ ਪੰਚਾਇਤਾਂ ਲਈ ਪਹਿਲੀ ਕਿਸ਼ਤ ਦੇ ਰੋਕੇ ਗਏ ਹਿੱਸੇ ਵਿੱਚੋਂ 139.10 ਲੱਖ ਰੁਪਏ (1.39 ਕਰੋੜ ਰੁਪਏ) ਦੀ ਵਾਧੂ ਰਾਸ਼ੀ ਜਾਰੀ ਕੀਤੀ ਗਈ ਹੈ, ਜੋ ਹੁਣ ਇਸ ਦੇ ਯੋਗ ਬਣ ਚੁੱਕੀਆਂ ਹਨ। ਇਸੇ ਤਰ੍ਹਾਂ, ਹਰਿਆਣਾ ਵਿੱਚ ਯੋਗ 19 ਡੀਪੀ, 138 ਬੀਪੀ ਅਤੇ 6,194 ਜੀਪੀ ਨੂੰ ਕਵਰ ਕਰਦਿਆਂ 19,762.70 ਲੱਖ ਰੁਪਏ (197.627 ਕਰੋੜ ਰੁਪਏ) ਜਾਰੀ ਕੀਤੇ ਗਏ ਹਨ ਨਾਲ ਹੀ ਪਹਿਲੀ ਰੋਕੀ ਗਈ ਰਾਸ਼ੀ ਤੋਂ ਵਾਧੂ ਯੋਗ 1 ਡੀਪੀ, 4 ਬੀਪੀ ਅਤੇ 30 ਜੀਪੀ ਨੂੰ 249.80 ਲੱਖ ਰੁਪਏ (2.50 ਕਰੋੜ ਰੁਪਏ) ਜਾਰੀ ਕੀਤੇ ਗਏ ਹਨ ।

ਹਿਮਾਚਲ ਪ੍ਰਦੇਸ਼ ਲਈ, ਸਾਰੀਆਂ 12 ਜ਼ਿਲ੍ਹਾ ਪੰਚਾਇਤਾਂ, 80 ਯੋਗ ਬਲਾਕ ਪੰਚਾਇਤਾਂ ਅਤੇ 3,602 ਗ੍ਰਾਮ ਪੰਚਾਇਤਾਂ ਲਈ 6,830.03 ਲੱਖ ਰੁਪਏ (68.30 ਕਰੋੜ ਰੁਪਏ) ਜਾਰੀ ਕੀਤੇ ਗਏ, ਨਾਲ ਹੀ 26 ਵਾਧੂ ਯੋਗ ਗ੍ਰਾਮ ਪੰਚਾਇਤਾਂ ਨੂੰ 34.53 ਲੱਖ ਰੁਪਏ (0.35 ਕਰੋੜ ਰੁਪਏ) ਵੀ ਜਾਰੀ ਕੀਤੇ ਗਏ। ਉੱਤਰ ਪ੍ਰਦੇਸ਼ ਦੀਆਂ ਸਾਰੀਆਂ 75 ਜ਼ਿਲ੍ਹਾ ਪੰਚਾਇਤਾਂ, 826 ਬਲਾਕ ਪੰਚਾਇਤਾਂ ਅਤੇ 57,694 ਗ੍ਰਾਮ ਪੰਚਾਇਤਾਂ ਲਈ 1,55,940.00 ਲੱਖ ਰੁਪਏ (1,559.40 ਕਰੋੜ ਰੁਪਏ) ਜਾਰੀ ਕੀਤੇ ਗਏ, ਇਸ ਤੋਂ ਇਲਾਵਾ ਰੋਕੇ ਗਏ ਹਿੱਸੇ ਵਿੱਚੋਂ 2 ਡੀਪੀ, 13 ਬੀਪੀ ਅਤੇ 61 ਜੀਪੀ ਨੂੰ 1,101.64 ਲੱਖ ਰੁਪਏ (11.016 ਕਰੋੜ ਰੁਪਏ) ਵੀ ਜਾਰੀ ਕੀਤੇ ਗਏ ਹਨ, ਜੋ ਯੋਗ ਬਣ ਗਏ ਹਨ।

ਪੱਛਮੀ ਬੰਗਾਲ ਨੂੰ ਇਸ ਕਿਸ਼ਤ ਦੇ ਤਹਿਤ ਯੋਗ 21 ਡੀਪੀ, 335 ਬੀਪੀ ਅਤੇ 3,225 ਗ੍ਰਾਮ ਪੰਚਾਇਤਾਂ ਲਈ 68,085.79 ਲੱਖ ਰੁਪਏ (680.86 ਕਰੋੜ ਰੁਪਏ) ਜਾਰੀ ਕੀਤੇ ਗਏ ਹਨ।

ਭਾਰਤ ਸਰਕਾਰ ਪੰਚਾਇਤੀ ਰਾਜ ਮੰਤਰਾਲੇ ਅਤੇ ਜਲ ਸ਼ਕਤੀ ਮੰਤਰਾਲੇ (ਪੀਣ ਵਾਲੇ ਪਾਣੀ ਅਤੇ ਸੈਨੀਟੇਸ਼ਨ ਵਿਭਾਗ) ਰਾਹੀਂ ਪੇਂਡੂ ਸਥਾਨਕ ਸੰਸਥਾਵਾਂ ਲਈ ਸੂਬਿਆਂ ਨੂੰ ਪੰਦ੍ਹਰਵੇਂ ਵਿੱਤ ਫੰਡ ਗ੍ਰਾਂਟ ਜਾਰੀ ਕਰਨ ਦੀ ਸਿਫ਼ਾਰਸ਼ ਕਰਦੀ ਹੈ, ਜਿਸ ਨੂੰ ਬਾਅਦ ਵਿੱਚ ਵਿੱਤ ਮੰਤਰਾਲਾ ਜਾਰੀ ਕਰਦਾ ਹੈ। ਨਿਰਧਾਰਤ ਗ੍ਰਾਂਟ ਇੱਕ ਵਿੱਤੀ ਸਾਲ ਵਿੱਚ ਦੋ ਕਿਸ਼ਤਾਂ ਵਿੱਚ ਸਿਫ਼ਾਰਸ਼ ਅਤੇ ਜਾਰੀ ਕੀਤੀ ਜਾਂਦੀ ਹੈ । ਖੁੱਲ੍ਹੀਆਂ ਗ੍ਰਾਂਟਾਂ ਦੀ ਵਰਤੋਂ ਪੰਚਾਇਤ ਰਾਜ ਸੰਸਥਾਵਾਂ/ਪੇਂਡੂ ਸਥਾਨਕ ਸੰਸਥਾਵਾਂ ਵੱਲੋਂ ਸਥਾਨ-ਵਿਸ਼ੇਸ਼ ਜ਼ਰੂਰਤਾਂ ਲਈ ਕੀਤੀ ਜਾਂਦੀ ਹੈ, ਸੰਵਿਧਾਨ ਦੀ ਗਿਆਰ੍ਹਵੀਂ ਅਨੁਸੂਚੀ ਵਿੱਚ ਸ਼ਾਮਲ ਉਨ੍ਹਾਂ 29 ਵਿਸ਼ਿਆਂ ਦੇ ਤਹਿਤ, ਜਿਸ ਵਿੱਚ ਤਨਖਾਹਾਂ ਅਤੇ ਹੋਰ ਸਥਾਪਨਾ ਖਰਚੇ ਸ਼ਾਮਲ ਨਹੀਂ ਹਨ ।

### ਕਿਸਾਨਾਂ ਲਈ ਵੱਡੀ ਖ਼ੁਸ਼ਖ਼ਬਰੀ

# ਕੇਂਦਰ ਵੱਲੋਂ ਕਣਕ ਅਤੇ ਖੰਡ ਦੇ ਨਿਰਯਾਤ ਨੂੰ ਮਨਜ਼ੂਰੀ



ਨਵੀਂ ਦਿੱਲੀ, 13 ਫਰਵਰੀ (ਚ.ਨ.ਸ.) : ਸਰਕਾਰ ਨੇ ਸ਼ੁੱਕਰਵਾਰ ਨੂੰ ਘਰੇਲੂ ਬਾਜ਼ਾਰਾਂ ਨੂੰ ਸਥਿਰ ਕਰਨ ਅਤੇ ਕਿਸਾਨਾਂ ਲਈ ਲਾਹੇਵੰਦ ਕੀਮਤਾਂ ਨੂੰ ਯਕੀਨੀ ਬਣਾਉਣ ਲਈ 25 ਲੱਖ ਟਨ ਕਣਕ ਦੇ ਨਿਰਯਾਤ ਨੂੰ ਮਨਜ਼ੂਰੀ ਦੇ ਦਿੱਤੀ। ਇਸ ਤੋਂ ਇਲਾਵਾ, 5-5 ਲੱਖ ਟਨ ਕਣਕ ਉਤਪਾਦਾਂ ਅਤੇ ਖੰਡ ਦੇ ਵਾਧੂ ਨਿਰਯਾਤ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ।

ਖੁਰਾਕ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਫੈਸਲਾ ਮੌਜੂਦਾ ਉਪਲੱਬਧਤਾ ਅਤੇ ਕੀਮਤ ਦ੍ਰਿਸ਼ ਦੇ ਵਿਆਪਕ ਮੁਲਾਂਕਣ ਤੋਂ ਬਾਅਦ ਲਿਆ ਗਿਆ ਹੈ। ਇਹ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਵਿੱਤੀ ਸਾਲ 2025-26 ਦੌਰਾਨ ਨਿੱਜੀ ਇਕਾਈਆਂ ਕੋਲ ਲਗਭਗ 75 ਲੱਖ ਟਨ ਕਣਕ ਸਟੋਰੇਜ ਵਿੱਚ ਉਪਲੱਬਧ ਹੈ, ਜੋ ਕਿ ਪਿਛਲੇ ਵਿੱਤੀ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ ਲੱਗਭੱਗ 32 ਲੱਖ ਟਨ ਵੱਧ ਹੈ। ਮੰਤਰਾਲੇ ਨੇ ਕਿਹਾ ਕਿ 1 ਅਪ੍ਰੈਲ, 2026 ਤੱਕ ਭਾਰਤੀ ਖੁਰਾਕ ਨਿਗਮ ਦੇ ਕੇਂਦਰੀ ਭੰਡਾਰਾਂ ਵਿੱਚ ਕਣਕ ਦੀ ਕੁੱਲ ਉਪਲਬਧਤਾ ਲੱਗਭੱਗ 182 ਲੱਖ ਟਨ ਹੋਣ ਦਾ ਅਨੁਮਾਨ ਹੈ। ਇਸ ਨਿਰਯਾਤ ਇਜਾਜ਼ਤ ਦਾ ਘਰੇਲੂ ਖੁਰਾਕ ਸੁਰੱਖਿਆ ਜ਼ਰੂਰਤਾਂ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਰਬੀ 2026 ਵਿੱਚ ਕਣਕ ਦੀ ਕਾਸ਼ਤ ਅਧੀਨ ਰਕਬਾ ਵੀ ਪਿਛਲੇ ਸਾਲ 328.04 ਲੱਖ ਹੈਕਟੇਅਰ ਤੋਂ ਵੱਧ ਕੇ ਲੱਗਭੱਗ 334.17 ਲੱਖ ਹੈਕਟੇਅਰ ਹੋ ਗਿਆ। ਇਹ ਕਿਸਾਨਾਂ ਦੇ ਕਣਕ ਦੀ ਕਾਸ਼ਤ ਵਿੱਚ ਮਜ਼ਬੂਤ ਵਿਸ਼ਵਾਸ ਨੂੰ ਦਰਸਾਉਂਦਾ ਹੈ, ਜਿਸ ਨੂੰ ਇੱਕ ਗਾਰੰਟੀਸ਼ੁਦਾ ਐਮ.ਐਸ.ਪੀ. ਅਤੇ ਖਰੀਦ ਪ੍ਰਣਾਲੀ ਦੁਆਰਾ ਸਮਰਥਤ ਕੀਤਾ ਗਿਆ ਹੈ, ਅਤੇ ਇੱਕ ਹੋਰ ਮਜ਼ਬੂਤ ਫ਼ਸਲ ਦੀ ਸੰਭਾਵਨਾ ਨੂੰ ਦਰਸਾਉਂਦਾ ਹੈ।

ਮੰਤਰਾਲੇ ਨੇ ਕਿਹਾ ਕਿ ਵਾਧੂ ਸਟਾਕ, ਡਿੱਗਦੀਆਂ ਕੀਮਤਾਂ, ਉਮੀਦ ਤੋਂ ਵੱਧ ਉਤਪਾਦਨ ਅਤੇ ਵੱਡੀ ਫਸਲ ਦੀ ਆਮਦ ਦੌਰਾਨ ਸੰਕਟ ਦੀ ਵਿਕਰੀ ਨੂੰ ਰੋਕਣ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਸਰਕਾਰੀ ਫੈਸਲਾ ਘਰੇਲੂ ਕੀਮਤਾਂ ਨੂੰ ਸਥਿਰ ਕਰਨ, ਬਾਜ਼ਾਰ ਤਰਲਤਾ ਵਧਾਉਣ, ਸਟਾਕ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਣ ਅਤੇ ਰਾਸ਼ਟਰੀ ਖੁਰਾਕ ਸੁਰੱਖਿਆ ਦੇ ਨਾਲ-ਨਾਲ ਕਿਸਾਨਾਂ ਦੀ ਆਮਦਨ ਨੂੰ ਮਜ਼ਬੂਤ ਕਰਨ ਵਿੱਚ ਮੱਦਦ ਕਰੇਗਾ।

ਖੰਡ ਨਿਰਯਾਤ ਨੂੰ ਸੁਵਿਧਾਜਨਕ ਬਣਾਉਣ ਲਈ, ਸਰਕਾਰ ਨੇ ਮੌਜੂਦਾ ਖੰਡ ਸੀਜ਼ਨ 2025-26 ਦੌਰਾਨ ਇੱਛੁਕ ਖੰਡ ਮਿੱਲਾਂ ਦੁਆਰਾ ਵਾਧੂ 5 ਲੱਖ ਟਨ ਖੰਡ ਦੇ ਨਿਰਯਾਤ ਦੀ ਆਗਿਆ ਦੇਣ ਦਾ ਫੈਸਲਾ ਕੀਤਾ ਹੈ।

ਪਹਿਲਾਂ, ਸਰਕਾਰ ਨੇ 14 ਨਵੰਬਰ, 2025 ਦੇ ਇੱਕ ਆਦੇਸ਼ ਰਾਹੀਂ ਮੌਜੂਦਾ ਖੰਡ ਸੀਜ਼ਨ ਦੌਰਾਨ 15 ਲੱਖ ਟਨ ਖੰਡ ਦੇ ਨਿਰਯਾਤ ਦੀ ਇਜਾਜ਼ਤ ਦਿੱਤੀ ਸੀ। ਖੰਡ ਮਿੱਲਾਂ ਦੁਆਰਾ ਦਿੱਤੀ ਗਈ ਜਾਣਕਾਰੀ ਅਨੁਸਾਰ, 31 ਜਨਵਰੀ, 2026 ਤੱਕ ਸਿਰਫ ਲੱਗਭੱਗ 1.97 ਲੱਖ ਟਨ ਖੰਡ ਦਾ ਨਿਰਯਾਤ ਕੀਤਾ ਗਿਆ ਹੈ।

ਇਸ ਤੋਂ ਇਲਾਵਾ, ਖੰਡ ਮਿੱਲਾਂ ਨੇ ਲੱਗਭੱਗ 2.72 ਲੱਖ ਟਨ ਖੰਡ ਦੇ ਨਿਰਯਾਤ ਲਈ ਇਕਰਾਰਨਾਮੇ 'ਤੇ ਹਸਤਾਖਰ ਕੀਤੇ ਹਨ। ਦਿਲਚਸਪੀ ਰੱਖਣ ਵਾਲੀਆਂ ਖੰਡ ਮਿੱਲਾਂ ਨੂੰ 5 ਲੱਖ ਟਨ ਦੀ ਵਾਧੂ ਨਿਰਯਾਤ ਮਾਤਰਾ ਪ੍ਰਦਾਨ ਕੀਤੀ ਜਾਵੇਗੀ, ਬਸ਼ਰਤੇ ਉਹ 30 ਜੂਨ, 2026 ਤੱਕ ਨਿਰਧਾਰਤ ਮਾਤਰਾ ਦਾ ਘੱਟੋ-ਘੱਟ 70 ਪ੍ਰਤੀਸ਼ਤ ਨਿਰਯਾਤ ਕਰਨ।

ਨਿਰਯਾਤ ਕੋਟਾ ਅਨੁਪਾਤਕ ਅਧਾਰ 'ਤੇ ਦਿਲਚਸਪੀ ਰੱਖਣ ਵਾਲੀਆਂ ਖੰਡ ਮਿੱਲਾਂ ਵਿੱਚ ਵੰਡਿਆ ਜਾਵੇਗਾ ਅਤੇ ਮਿੱਲਾਂ ਨੂੰ ਆਦੇਸ਼ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਆਪਣੀ ਸਹਿਮਤੀ ਜਮ੍ਹਾਂ ਕਰਨੀ ਪਵੇਗੀ। ਮੰਤਰਾਲੇ ਨੇ ਕਿਹਾ ਕਿ ਇਸ ਤਰ੍ਹਾਂ ਨਿਰਧਾਰਤ ਕੀਤੇ ਗਏ ਨਿਰਯਾਤ ਕੋਟੇ ਨੂੰ ਕਿਸੇ ਹੋਰ ਖੰਡ ਮਿੱਲ ਨਾਲ ਬਦਲਿਆ ਜਾਂ ਬਦਲਿਆ ਨਹੀਂ ਜਾਵੇਗਾ। ਇਸ ਫੈਸਲੇ ਨਾਲ ਖੰਡ ਦੇ ਨਿਰਯਾਤ ਨੂੰ ਵਧਾਉਣ ਅਤੇ ਦੇਸ਼ ਵਿੱਚ ਵਾਧੂ ਖੰਡ ਦੀ ਉਪਲੱਬਧਤਾ ਦਾ ਪ੍ਰਬੰਧਨ ਕਰਨ ਵਿੱਚ ਮੱਦਦ ਮਿਲਣ ਦੀ ਉਮੀਦ ਹੈ।

**ਉੱਤਰ ਰੇਲਵੇ**

**ਈ-ਟੈਂਡਰ**

ਸੀਨੀਅਰ ਮੰਡਲ ਇੰਜੀਨੀਅਰ-ਸਮਨਵੇ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰ ਦੇ ਦੁਆਰਾ ਤੋਂ ਇਛੁਕ ਠੇਕੇਦਾਰਾਂ ਤੋਂ ਹੇਠਾ ਲਿਖੇ ਕੰਮਾਂ ਲਈ ਖੁਲੀ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕੀ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਤਕ ਖੁਲੀ ਰਹੇਗੀ ਅਤੇ ਉਸਦੇ ਬਾਦ ਖੋਲੀ ਜਾਵੇਗੀ ।

| ਲ. ਨੰ: | ਕੰਮ ਦਾ ਨਾਮ | ਅਨੁਮਾਨਿਤ ਲਾਗਤ (Rs.) | ਅਗ੍ਰਿਮ ਰਾਸ਼ੀ (Rs.) | ਕੰਮ ਪੂਰਾ ਕਰਨ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ |
|---|---|---|---|---|---|
| 1 | ADEN/Track/UMB ਦੇ ਅੰਤਰਗਤ ਅੰਬਾਲਾ ਡਵੀਜਨ ਵਿਚ ਟ੍ਰਾਂਸਲਮੇਟਿਕ ਰੋਬੋਟਿਕ ਵੇਲਡਰ ਦੀ ਤਕਨੀਕ ਦਾ ਉਪਯੋਗ ਕਰਕੇ ਸੀਐਮਐਸ ਕਰੋਸਿੰਗ ਦਾ ਇਨ-ਸੀਟੂ ਪੁਨਨਿਰਮਾਣ । | 2,18,52,594 | 2,59,300 | 18 ਮਹੀਨੇ | 09.03.2026 |
| 2 | ਏਡੀਈਐਨ/ਐਸਆਈਆਰ ਦੇ ਅੰਤਰਗਤ ਐਸਆਈਆਰ-ਐਨਐਲਡੀਐਮ ਖੰਡ ਉਤੇ ਕੇਐਮ 101/8.9 ਉਤੇ ਸਥਾਪਿਤ ਜਗ੍ਹਾਂ ਉਤੇ ਰੇਲਵੇ ਟ੍ਰੈਕ/ਭੂਮੀ ਦੇ ਹੇਠਾ 250 ਮਿਮੀ ਬਯਾਸ ਦੀਡੀਆਈ ਦੇ 9 ਜਲ ਆਪੂਰਤੀ ਪਾਇਪਲਾਇਨ ਨੂੰ ਪਹਿਲਾ 800 ਮਿਮੀ ਆਂਤਕਿ ਬਯਾਸ ਵਾਲੇ ਐਮਐਸ ਆਵਰਣ ਪਾਇਪ ਅਤੇ ਦੂਸਰੇ 1000 ਮਿਮੀ ਆਂਤਰਿਕ ਬਯਾਸ ਵਾਲੇ ਐਮਐਸ ਆਵਰਣ ਪਾਇਪ ਤੋਂ ਹੋਕੇ ਗੁਜਾਰਨਾ । | 28,50,359 | 57,000 | 04 ਮਹੀਨੇ | 09.03.2026 |
| 3 | SIR-NLDM ਸੈਕਸ਼ਨ ਦੇ ਅੰਤਰਗਤ ਕੀਰਤਪੁਰ ਸਾਹਿਬ ਸਟੇਸ਼ਨ ਉਤੇ ਲਾਇਨ ਨੰਬਰ 1 ਨੂੰ ਨੰਗਲ ਡੈਮ ਤਰਫ ਦੀ ਅਤੇ ਵਧਾਕੇ ਪੂਰੀ ਲੰਬਾਈ ਦੇ ਸ਼ੇਟਿੰਗ ਨੇਕ ਦਾ ਪ੍ਰਾਵਧਾਨ । | 1,97,73,397 | 2,48,900 | 08 ਮਹੀਨੇ | 09.03.2026 |
| 4 | Sr. DEN-II/UMB ਦੇ ਅਧਿਕਾਰ ਖੇਤਰ ਵਿਚ ADEN/BTI ਅਤੇ ADEN/PTA ਸੈਕਸ਼ਨ ਵਿਚ 25.396 TKM ਦੇ TRR(S) ਅਤੇ 24.585 TKM ਦੇ ਦੁਆਰਾ CTR(S) ਕੰਮ ਦੇ ਸਬੰਧ ਵਿਚ ਸਾਇਟ ਉਤੇ ਮੋਬਾਇਲ ਫਲੈਸ਼ ਬੱਟ ਵੇਲਡਿੰਗ ਪਲਾਂਟ (MFBWP) ਦੁਆਰਾ ਰੇਲਾਂ ਦੀ ਵੇਲਡਿੰਗ ਦਾ ਪੂਰਾ ਕਰਨਾ ਅਤੇ Sr. DEN-II ਅਤੇ Sr.DEN-III ਸੈਕਸ਼ਨ ਵਿਚ ਲੂਪ ਲਾਇਨਾਂ ਨੂੰ SWR ਤੋਂ LWR ਵਿਚ MFBWP ਦੇ ਦੁਆਰਾ ਤੋਂ ਰੁਪਾਂਤਰਣ ਦਾ ਕੰਮ, ਨਾਲ ਹੀ SIR-NLDM ਸੈਕਸ਼ਨ ਦੇ ਅੰਤਰਗਤ ਕਿਰਤਪੁਰ ਸਾਹਿਬ ਸਟੇਸ਼ਨ ਉਤੇ ਲਾਇਨ ਨੰਬਰ-1 ਨੂੰ ਨੰਗਲ ਡੈਮ ਤਰਫ ਦੀ ਦਿਸ਼ਾ ਵਚ ਵਿਸਤਾਰਿਤ ਕਰ ਪੂਰੀ ਲੰਬਾਈ ਦਾ ਸ਼ੰਟਿੰਗ ਨੇਕ ਪ੍ਰਦਾਨ ਕਰਨ ਦਾ ਕੰਮ । | 4,81,87,998 | 3,90,900 | 18 ਮਹੀਨੇ | 09.03.2026 |
| 5 | ਸੀਨੀਅਰ ਡੀਈਐਨ-III /ਯੂਐਮਬੀ ਦੇ ਅੰਤਰਗਤ ਏਡੀਈਐਨ/ਐਸਆਰਈ ਸੈਕਸ਼ਨ ਵਿਚ ਮੋਬਾਇਲ ਫਲੈਸ਼ ਬੱਟ ਵੇਲਡਿੰਗ ਪਲਾਂਟ ਦਾ ਉਪਯੋਗ ਕਰਕੇ ਸਾਇਟ ਉਤੇ ਰੇਲ ਦੀ ਵੇਲਡਿੰਗ । | 1,03,21,383 | 2,01,600 | 12 ਮਹੀਨੇ | 09.03.2026 |
| 6 | Sr. DEN-I/UMB ਦੇ ਅਧੀਨ ADEN/UMB ਅਤੇ ADEN/CDG ਸੈਕਸ਼ਨ ਵਿਚ CTR15.116 ਟੀਕੇ.ਐਮ. ਅਤੇ TRR(P)9.5 ਟੀ.ਕੇਐਮ. ਦੇ ਸਬੰਧ ਵਿਚ ਸਾਇਟ ਉਤੇ ਮੋਬਾਇਲ ਫਲੈਸ਼ ਬੱਟ ਵੇਲਡਿੰਗ ਦੁਆਰਾ ਰੇਲ ਦੀ ਵੇਲਡਿੰਗ ਦਾ ਕੰਮ । | 1,58,07,909 | 2,29,000 | 12 ਮਹੀਨੇ | 09.03.2026 |
| 7 | ADEN/RP) ਦੇ ਅਧੀਨ UBC,KNN ਅਤੇ RPJ ਸਟੇਸ਼ਨਾਂ ਉਤੇ ਸਰਵਿਸ ਬਿਲਡਿੰਗ ਦੇ ਕੰਪਾਊਂਡ ਵਾਲ ਅਤੇ ਏਪ੍ਰੋਚ ਰੋਡ ਦੀ ਮੁਰੰਮਤ, ਦਿਵਯਾਂਗਜਨਾਂ ਲਈ ਸ਼ਾਟ ਲੀਡ ਸੁਵਿਧਾਵਾਂ ਦਾ ਪ੍ਰਾਵਧਾਨ TSS, SSP ਅਤੇ ਰਿਲੇ ਹਟਸ ਦੀ ਵਿਵਿਧ ਮੁਰੰਮਤ ਅਤੇ UBC ਦੇ ਸਰਕੂਲੇਟਿੰਗ ਏਰੀਯਾ ਵਿਚ ਪਾਰਕ ਦਾ ਸੁਧਾਰ/ਉਨਨਯਨ ਕੰਮ । | 2,24,26,423 | 2,62,100 | 08 ਮਹੀਨੇ | 09.03.2026 |
| 8 | (i) ADEN/PTA ਦੇ ਅਧੀਨ SSE/DUI ਦੇ ਸੈਕਸ਼ਨ ਵਿਚ GILL, QRP, AHH, KUP, MET, HMI ਅਤੇ DUI ਸਥਿਤ ਸਟਾਫ ਕਵਾਟਰਾਂ ਵਿਚ ਫਰਸ਼, ਛੱਤ, ਦਰਵਾਜੇ ਤੇ ਖਿੜਕੀਆਂ, ਸੇਨੇਟਰੀ ਫਿਟਿੰਗਸ ਅਤੇ ਡ੍ਰੇਨੇਜ ਅਤੇ ਸੀਵਰੇਜ ਸਿਸਟਮ ਦੀ ਮੁਰੰਮਤ ਦਾ ਕੰਮ DUI ਸਥਿਤ ਗਾਰਡ ਕਾਲੋਨੀ ਵਿਚ ਪਖਾਨਾ ਅਤੇ ਬਾਥਰੂਮ ਦੀ ਛੱਤ ਦਾ ਪ੍ਰਤੀਸਥਾਪਨ । ਇਸਦੇ ਅਤਿਰਿਕਤ DUI ਸਥਿਤ PWI ਕਾਲੋਨੀ, IOW ਕਾਲੋਨੀ ਅਤੇ ਰੇਲਵੇ ਕਾਲੋਨੀ ਵਿਚ ਬਾਊਂਡਰੀ ਵਾਲ ਦੀ ਮੁਰੰਮਤ ਦਾ ਕੰਮ । (ii) ADEN/PTA ਦੇ ਅਧੀਨ SSE/W/L/PTA ਅਤੇ SSE/W/DUI ਸੈਕਸ਼ਨ ਵਿਚ ਜਲਆਪੂਰਤੀ ਵਿਵਸਥ ਤੋਂ ਸਬੰਧਿਤ ਵੱਖ-ਵੱਖ ਕੰਮ, ਜਿਨ੍ਹਾਂ ਵਿਚ NBA ਸਥਿਤ ਨਵੇ ਗੁਡਸ ਦਫਤਰ ਅਤੇ ਟ੍ਰੈਕ ਮਸ਼ੀਨ ਰੇਸਟ ਹਾਊਸ ਵਿਚ ਸਟੇਜਿੰਗ ਤੇ ਗ੍ਰਿਲ ਸਹਿਤ ਜਲਆਪੂਰਤੀ ਪ੍ਰਣਾਲੀ ਦੀ ਮੁਰੰਮਤ PWI ਕਾਲੋਨੀ ਵਚ ਜਲਆਪੂਰਤੀ ਪਾਇਪਲਾਇਨ ਦੀ ਮੁਰੰਮਤ ਅਤੇ ਰੇਲਵੇ ਕਾਲੋਨੀ ਵਿਚ ਨਵੇ ਪੰਪ ਹਾਊਸ ਅਤੇ ਨਵੇ ਆਰਸੀਸੀ ਓਵਰਹੇਡ ਟੈਂਕ ਨੂੰ ਵਿਦਯਮਾਨ ਪੰਪ ਹਾਊਸ ਅਤੇ ਆਰਸੀਸੀ ਓਵਰਹੇਡ ਟੈਂਕ ਤੋਂ ਜੋੜਨ ਦਾ ਕੰਮ ਸ਼ਾਮਿਲ ਹੈ ਇਸਦੇ ਅਤਿਰਿਕਤ DUI-JHL ਸੈਕਸ਼ਨ ਵਿਚ CIL LHA GRN JPS UKN ਅਤੇ DNX ਸਟੇਸ਼ਨਾਂ ਉਤੇ ਜੰਗਗ੍ਰਸਤ ਅਤੇ ਨੁਕਸਾਨਹੋਏ ਪੁਰਾਨੀ ਪਾਇਪਲਾਇਨਾਂ ਅਤੇ ਟੁਟੇ ਹੋਏ ਪੀਵੀਸੀ ਟੈਂਕਾਂ ਦਾ ਪ੍ਰਤੀਸਥਾਪਨ/ਮੁਰੰਮਤ, UKN ਡਿਗਗੀ ਉਤੇ ਓਪਨ ਵੇਲ ਪੰਪ ਦੀ ਜਗ੍ਹਾਂ ਉਤੇ ਸਬਮਰੀਸਬਲ ਪੰਪ ਦੀ ਸਥਾਪਨਾ ਅਤੇ JHL-HSR ਸੈਕਸ਼ਨ ਵਿਚ GRN, DNX, RPHR ਸਥਿਤ ਆਰਓ ਪਲਾਟ ਅਤੇ UKN ਸਥਿਤ ਪ੍ਰੇਸ਼ ਫਿਲਟਰ ਪਲਾਂਟ ਦਾ ਸਲਾਨਾ ਅਨੁਰੱਖਸ਼ਣ (AMX) ਕੰਮ (iii) ADEN/PTA ਦੇ ਅਧੀਨ SSE/W/SAG ਸੈਕਸ਼ਨ ਵਿਚ ਧਾਂਸੂ ਰੇਲਵੇ ਸਟੇਸ਼ਨ ਸਥਿਤ ਬੈਲੇਸਟ ਡਿਪੋ ਦੇ ਏਪ੍ਰੋਚ ਪੱਥ ਦੇ ਆਧਾਰ (ਬੇਸ) ਦੀ ਮੁਰੰਮਤ ਦਾ ਕੰਮ ।(vi) Sr.DEN/II/UMB ਦੇ ਅਧੀਨ ADEN/PTA ਸੈਕਸ਼ਨ ਵਿਚ RPJ-DUI ਖੰਡ ਉਤੇ ਪੁਲ ਨੰਬ 43 ਦੀ ਡੀ-ਸਿਲਿਟਿੰਗ (ਗਾਦ ਨਿਕਾਸੀ), ਪੈਰਾਪੇਟ ਨੂੰ ਉਚਾ ਉਠਾਨਾ ਅਤੇ ਬ੍ਰਿਜ ਟੇਵਲਟਸ ਦੀ ਮੁਰੰਮਤ ਦਾ ਕੰਮ । | 1,23,08,859 | 2,11,600 | 10 ਮਹੀਨੇ | 09.03.2026 |
| 9 | ADEN/SIR ਦੇ ਅੰਤਰਗਤ RPAR ਅਤੇ UHL ਸਟੇਸ਼ਨ/ਪਰਿਸੰਚਰਣ ਖੇਤਰ ਵਿਚ ਸੀਵਰੇਜ / ਜਲ ਨਿਕਾਸੀ ਵਿਵਸਥਾ ਦੀ ਪ੍ਰਮੁੱਖ ਮੁਰੰਮਤ । | 1,23,77,461 | 2,11,900 | 06 ਮਹੀਨੇ | 09.03.2026 |

ਨੋਟ :-
1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜ਼ਰੂਰੀ ਸੰਬੰਧਿਤ ਡਾਕਯੂਮੈਂਟਾਂ ਦੇ ਸਕੈਨਿੰਗ ਕਾਪੀ ਨੂੰ ਰੇਲਵੇ ਵੇਬਸਾਈਟ IREPS ਉਤੇ ਅਪਲੋਡ ਕਰਨ ਜ਼ਰੂਰੀ ਹੈ ।
2. ਅਗ੍ਰਿਮ ਰਾਸ਼ੀ ਆਨ ਲਾਇਨ ਪੇਮੈਂਟ ਨੇਟ ਬੈਂਕਿੰਗ/ਗੇਟਵੇ ਪੇਮੈਂਟ ਦੇ ਦੁਵਾਰਾ ਹੀ ਸਵੀਕਾਰ ਹੋਣਗੇ ।
3. ਟੈਂਡਰ ਦੀ ਪੂਰੀ ਜਾਣਕਾਰੀ ਲਈ ਰੇਲਵੇ ਵੇਬਸਾਈਟ www.ireps.gov.in ਉਤੇ ਲਾਗ ਆਨ ਕਰੋ ।
4. ਠੇਕੇਦਾਰ ਨੂੰ ਈ-ਟੈਂਡਰਾਂ ਵਿਚ ਭਾਗੀਦਾਰੀ ਲਈ (ਕਲਾਸ-III) ਡਿਜੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ ।
5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗੀ ।

ਖੁਲੀ ਟੈਂਡਰ ਨੰਬਰ 54-ਅੰਬਾਲਾ/2025-26 ਮਿਤੀ : 13.02.2026

497/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਭਗਵੰਤ ਮਾਨ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਲਈ ਸਾਲ ਭਰ ਦਾ ਰੋਡਮੈਪ ਤਿਆਰ : ਚੀਮਾ



ਚੰਡੀਗੜ੍ਹ, 13 ਫ਼ਰਵਰੀ, (ਚ.ਨ.ਸ.) : ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਪੰਜਾਬ ਕੈਬਨਿਟ ਦੀ ਸਬ-ਕਮੇਟੀ ਨੇ ਅੱਜ ਇੱਥੇ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਸਾਲ ਭਰ ਦੇ ਵਿਸਤ੍ਰਿਤ ਰੋਡਮੈਪ ਨੂੰ ਅੰਤਿਮ ਰੂਪ ਦੇਣ ਲਈ ਆਪਣੀ ਦੂਜੀ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਇਨ੍ਹਾਂ ਸਮਾਗਮਾਂ ਨੂੰ ਵਿਸਵ ਪੱਧਰ 'ਤੇ ਲੈ ਕੇ ਜਾਣ ਅਤੇ ਗੁਰੂ ਸਾਹਿਬ ਦੇ ਬਰਾਬਰੀ, ਮਾਨਵਤਾ ਅਤੇ ਭਗਤੀ ਦੇ ਸੰਦੇਸ ਨੂੰ ਰਾਜ ਦੇ ਹਰ ਕੋਨੇ ਅਤੇ ਇਸ ਤੋਂ ਬਾਹਰ ਤੱਕ ਪਹੁੰਚਾਉਣ ਦਾ ਪੱਕਾ ਅਹਿਦ ਲਿਆ ਗਿਆ।

ਮੀਟਿੰਗ ਦੌਰਾਨ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ, ਸੈਰ ਸਪਾਟਾ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਅਤੇ ਵਿਸੇਸ ਇਨਵਾਇਟੀ ਪਵਨ ਟੀਨੂੰ ਨੇ ਮਹੀਨਾਵਾਰ ਪ੍ਰੋਗਰਾਮਾਂ ਦੇ ਪ੍ਰਬੰਧਾ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਨ੍ਹਾਂ ਪ੍ਰੋਗਰਾਮਾਂ ਵਿੱਚ ਅਧਿਆਤਮਿਕ ਸਰਧਾ, ਵਿੱਦਿਅਕ ਪ੍ਰਸਾਰ ਅਤੇ ਸਮਾਜ ਭਲਾਈ ਪਹਿਲਕਦਮੀਆਂ ਦਾ ਸੰਤੁਲਿਤ ਸੁਮੇਲ ਹੋਵੇ।

ਕੈਬਨਿਟ ਸਬ-ਕਮੇਟੀ ਨੇ ਵਾਰਾਣਸੀ, ਫਰੀਦਕੋਟ, ਜੰਮੂ ਅਤੇ ਬਠਿੰਡਾ ਤੋਂ ਚਾਰ ਵੱਡੀਆਂ ਸ਼ੋਭਾ ਯਾਤਰਾਵਾਂ ਕੱਢਣ ਦਾ ਫੈਸਲਾ ਕੀਤਾ ਹੈ, ਜੋ ਗੁਰੂ ਜੀ ਦੇ ਪਵਿੱਤਰ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਣਗੀਆਂ। ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਸ਼ਰਧਾਲੂਆਂ ਨੂੰ ਵਾਰਾਣਸੀ ਸਥਿਤ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਮੰਦਰ ਦੇ ਦਰਸਨਾਂ ਲਈ ਤੀਰਥ ਯਾਤਰਾਵਾਂ ਦੀ ਸਹੂਲਤ ਦੇਣ ਦਾ ਵੀ ਫੈਸਲਾ ਲਿਆ ਗਿਆ।

ਗੁਰੂ ਜੀ ਦਾ ਫ਼ਲਸਫਾ ਨਵੀਂ ਪੀੜ੍ਹੀ ਤੱਕ ਸਾਰਥਕ ਤਰੀਕੇ ਨਾਲ ਪਹੁੰਚਾਉਣ ਲਈ ਸਬ-ਕਮੇਟੀ ਨੇ ਸੂਬੇ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਸੈਮੀਨਾਰ ਕਰਵਾਉਣ ਦੀ ਪ੍ਰਵਾਨਗੀ ਦਿੱਤੀ। ਇਸ ਰੋਡਮੈਪ ਵਿੱਚ ਹਰ ਜ਼ਿਲ੍ਹੇ ਵਿੱਚ ਡਰੋਨ ਸ਼ੋਅ ਅਤੇ ਪਿੰਡਾਂ ਵਿੱਚ ਦਸਤਾਵੇਜ਼ੀ ਫਿਲਮਾਂ ਦੀ ਸਕ੍ਰੀਨਿੰਗ ਰਾਹੀਂ ਨਵੀਨਤਾਕਾਰੀ ਪ੍ਰਚਾਰ ਵੀ ਸ਼ਾਮਲ ਹੈ, ਤਾਂ ਜੋ ਆਧੁਨਿਕ ਤਕਨਾਲੋਜੀ ਰਾਹੀਂ ਜਾਗਰੂਕਤਾ ਵਧਾਈ ਜਾ ਸਕੇ।

ਇਸ ਮੀਟਿੰਗ ਵਿੱਚ ਮੀਟਿੰਗ ਵਿੱਚ ਮੁੱਖ ਮੰਤਰੀ ਪੰਜਾਬ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਅਤੇ ਸੈਰ-ਸਪਾਟਾ ਵਿਭਾਗ ਦੇ ਸਕੱਤਰ ਕੁਮਾਰ ਅਮਿਤ, ਸੈਰ-ਸਪਾਟਾ ਵਿਭਾਗ ਦੇ ਡਾਇਰੈਕਟਰ ਸੰਜੀਵ ਤਿਵਾੜੀ ਅਤੇ ਡਿਪਟੀ ਡਾਇਰੈਕਟਰ ਯਸਪਾਲ ਸ਼ਰਮਾ ਵੀ ਹਾਜ਼ਰ ਸਨ।

# ਐਚਿਸਨ ਕਾਲਜ ਲਾਹੌਰ ਦੇ ਗੁਰਦੁਆਰਾ ਸਾਹਿਬ 'ਚ 80 ਸਾਲਾਂ ਬਾਅਦ ਹੋਈ ਸਿੱਖ ਅਰਦਾਸ ਤੇ ਸ਼ਬਦ ਕੀਰਤਨ



ਚੰਡੀਗੜ੍ਹ, 13 ਫ਼ਰਵਰੀ, (ਅੰਮ੍ਰਿਤਪਾਲ ਸਿੰਘ) : ਲਾਹੌਰ ਦੇ ਮਾਲ ਰੋਡ ਸਥਿਤ ਐਚਿਸਨ ਕਾਲਜ ਕੰਪਲੈਕਸ ਵਿੱਚ ਸਥਿਤ ਪੁਰਾਤਨ ਗੁਰਦੁਆਰਾ ਸਾਹਿਬ ਵਿੱਚ ਸ਼ੁੱਕਰਵਾਰ, 13 ਫ਼ਰਵਰੀ ਨੂੰ ਇਕ ਇਤਿਹਾਸਕ ਅਤੇ ਭਾਵਨਾਤਮਕ ਸਿੱਖ ਸ਼ਬਦ ਕੀਰਤਨ ਕਰਵਾਇਆ ਅਤੇ ਅਰਦਾਸ ਕੀਤੀ ਗਈ। ਇਸ ਧਾਰਮਿਕ ਅਤੇ ਗੌਰਵਮਈ ਮੌਕੇ 'ਤੇ ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਸਮੇਤ ਸਥਾਨਕ ਸਿੱਖ ਸੰਗਤ ਅਤੇ ਹੋਰ ਪ੍ਰਮੁੱਖ ਹਸਤੀਆਂ ਹਾਜ਼ਰ ਸਨ।

ਇਹ ਜਾਣਕਾਰੀ ਦਿੰਦਿਆਂ ਡਾ. ਤਰੁਣਜੀਤ ਸਿੰਘ ਬੁਤਾਲੀਆ, ਜਿਨ੍ਹਾਂ ਨੇ ਕਾਲਜ ਪ੍ਰਬੰਧਕਾਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਕਰਵਾਇਆ, ਨੇ ਦੱਸਿਆ ਕਿ ਸਥਾਨਕ ਰਾਗੀ ਜਥੇ ਵਿੱਚ ਸ਼ਾਮਲ ਹਰਵਿੰਦਰ ਸਿੰਘ, ਅਕਸ਼ੈਦੀਪ ਸਿੰਘ ਅਤੇ ਦਲੀਪ ਸਿੰਘ ਵੱਲੋਂ ਗੁਰਬਾਣੀ ਦੇ ਪਵਿੱਤਰ ਸ਼ਬਦਾਂ ਦਾ ਰਸ-ਭਿੰਨਾ ਕੀਰਤਨ ਸਰਵਣ ਕਰਵਾਇਆ ਗਿਆ।

ਉਨ੍ਹਾਂ ਅੱਗੇ ਦੱਸਿਆ ਕਿ ਸਾਲ 1947 ਤੋਂ ਬਾਅਦ ਸਿੱਖ ਵਿਦਿਆਰਥੀਆਂ ਦੀ ਕਮੀ ਕਾਰਨ ਇਹ ਗੁਰਦੁਆਰਾ ਸਾਹਿਬ ਬੰਦ ਹੋ ਗਿਆ ਸੀ ਪਰ ਇਸ ਦੀ ਦੇਖਭਾਲ ਕਾਲਜ ਪ੍ਰਸ਼ਾਸਨ ਵੱਲੋਂ ਨਿਰੰਤਰ ਕੀਤੀ ਜਾਂਦੀ ਰਹੀ। ਇਹ ਵਿਸ਼ੇਸ਼ ਸ਼ਬਦ ਕੀਰਤਨ ਕਾਲਜ ਦੀ 140ਵੀਂ ਵਰ੍ਹੇਗੰਢ ਦੇ ਸਬੰਧ ਵਿੱਚ ਆਯੋਜਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਇਸ ਕਾਲਜ ਦੀ ਨੀਂਹ 3 ਨਵੰਬਰ 1886 ਨੂੰ ਅਣਵੰਡੇ ਪੰਜਾਬ ਦੇ ਸ਼ਾਹੀ ਅਤੇ ਪ੍ਰਮੁੱਖ ਪਰਿਵਾਰਾਂ ਨੂੰ ਉੱਚ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਰੱਖੀ ਗਈ ਸੀ।

ਰਿਕਾਰਡ ਅਨੁਸਾਰ ਐਚਿਸਨ ਦੇ ਗੁਰਦੁਆਰਾ ਸਾਹਿਬ ਦਾ ਡਿਜ਼ਾਈਨ ਤੱਤਕਾਲੀਨ ਮੇਯੋ ਸਕੂਲ ਆਫ ਆਰਟਸ (ਮੌਜੂਦਾ ਨੈਸ਼ਨਲ ਕਾਲਜ ਆਫ ਆਰਟਸ) ਦੇ ਪ੍ਰਸਿੱਧ ਸਿੱਖ ਵਾਸਤੂਕਾਰ ਸਰਦਾਰ ਰਾਮ ਸਿੰਘ ਵੱਲੋਂ ਤਿਆਰ ਕੀਤਾ ਗਿਆ ਸੀ।

ਡਾ. ਬੁਤਾਲੀਆ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਨੀਂਹ 1910 ਵਿੱਚ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਵੱਲੋਂ ਰੱਖੀ ਗਈ ਸੀ। ਉਹ ਖੁਦ 1904 ਤੋਂ 1908 ਤੱਕ ਇਸ ਕਾਲਜ ਦੇ ਵਿਦਿਆਰਥੀ ਵੀ ਰਹੇ ਸਨ। ਇਸ ਤੋਂ ਅਗਲੇ ਦੋ ਸਾਲਾਂ ਵਿੱਚ ਗੁਰਦੁਆਰਾ ਭਵਨ ਦਾ ਨਿਰਮਾਣ ਪੂਰਾ ਹੋ ਗਿਆ ਅਤੇ ਇਸਨੂੰ ਇਕ ਸਰਗਰਮ ਧਾਰਮਿਕ ਸਥਾਨ ਵਜੋਂ ਸਮਰਪਿਤ ਕੀਤਾ ਗਿਆ, ਜਿੱਥੇ ਸਿੱਖ ਵਿਦਿਆਰਥੀ ਰੋਜ਼ਾਨਾ ਸ਼ਾਮ ਨੂੰ ਸ਼ਬਦ ਕੀਰਤਨ ਅਤੇ ਅਰਦਾਸ ਵਿੱਚ ਹਿੱਸਾ ਲੈਂਦੇ ਸਨ।

ਵਰਤਮਾਨ ਵਿੱਚ ਐਚਿਸਨ ਕਾਲਜ ਦੇ ਲੱਗਭੱਗ 15 ਸਿੱਖ ਪੁਰਾਣੇ ਵਿਦਿਆਰਥੀ ਭਾਰਤ ਵਿੱਚ ਰਹਿੰਦੇ ਹਨ। ਉਨ੍ਹਾਂ ਨਾਲ ਕੀਤੀਆਂ ਗੱਲਬਾਤਾਂ ਦੌਰਾਨ ਉਨ੍ਹਾਂ ਨੇ ਕਾਲੇ ਅਤੇ ਚਿੱਟੇ ਸੰਗਮਰਮਰ ਦੀ ਫਰਸ਼ ਅਤੇ ਕਿਲ੍ਹੇ ਵਰਗੀ ਅੰਦਰੂਨੀ ਬਣਾਵਟ ਵਾਲੇ ਇਸ ਗੁਰਦੁਆਰਾ ਸਾਹਿਬ ਨਾਲ ਜੁੜੀਆਂ ਆਪਣੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ। ਗੁਰਦੁਆਰੇ ਤੋਂ ਇਲਾਵਾ ਕਾਲਜ ਦੇ ਅਹਾਤੇ ਵਿੱਚ ਵੰਡ ਤੋਂ ਪਹਿਲਾਂ ਦੀ ਇੱਕ ਮਸਜਿਦ ਅਤੇ ਇੱਕ ਹਿੰਦੂ ਮੰਦਰ ਵੀ ਇਸ ਵੇਲੇ ਮੌਜੂਦ ਹੈ।

# ਪ੍ਰਤਾਪ ਸਿੰਘ ਬਾਜਵਾ ਦੀ ਟਿੱਪਣੀ ਸਿਰਫ਼ ਇੱਕ ਮੰਤਰੀ ਵਿਰੁੱਧ ਨਹੀਂ, ਇਹ ਦਲਿਤਾਂ ਅਤੇ ਮਿਹਨਤਕਸ਼ ਲੋਕਾਂ ਦੇ ਮਾਣ-ਸਨਮਾਨ 'ਤੇ ਹਮਲਾ: ਬਲਤੇਜ ਪੰਨੂ



ਚੰਡੀਗੜ੍ਹ, 13 ਫਰਵਰੀ, (ਚ.ਨ.ਸ.) : ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਸ਼ੁੱਕਰਵਾਰ ਨੂੰ ਕਾਂਗਰਸੀ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵਿਰੁੱਧ ਕੀਤੀਆਂ ਗਈਆਂ ਸ਼ਰਮਨਾਕ, ਜਾਤੀਵਾਦੀ ਅਤੇ ਅਪਮਾਨਜਨਕ ਟਿੱਪਣੀਆਂ ਖ਼ਿਲਾਫ਼ ਸੂਬੇ ਭਰ ਵਿੱਚ ਜ਼ੋਰਦਾਰ ਪ੍ਰਦਰਸ਼ਨ ਕੀਤੇ। ਪਾਰਟੀ ਨੇ ਕਿਹਾ ਕਿ ਇਹ ਸਿਰਫ਼ ਇੱਕ ਮੰਤਰੀ ਦਾ ਹੀ ਨਹੀਂ, ਸਗੋਂ ਸਮੁੱਚੇ ਦਲਿਤ ਭਾਈਚਾਰੇ ਅਤੇ ਆਪਣੀ ਰੋਜ਼ੀ-ਰੋਟੀ ਇੱਜ਼ਤ ਨਾਲ ਕਮਾਉਣ ਵਾਲੇ ਮਿਹਨਤਕਸ਼ ਲੋਕਾਂ ਅਤੇ ਮਜ਼ਦੂਰਾਂ ਦਾ ਅਪਮਾਨ ਹੈ।

ਇਨ੍ਹਾਂ ਮੁਜ਼ਾਹਰਿਆਂ ਵਿੱਚ 'ਆਪ' ਆਗੂਆਂ, ਮੰਤਰੀਆਂ, ਵਿਧਾਇਕਾਂ, ਪਾਰਟੀ ਵਰਕਰਾਂ ਅਤੇ ਸਥਾਨਕ ਨਿਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਪ੍ਰਦਰਸ਼ਨਕਾਰੀਆਂ ਨੇ 'ਦਲਿਤ-ਵਿਰੋਧੀ ਕਾਂਗਰਸ ਮੁਰਦਾਬਾਦ' ਅਤੇ 'ਬਾਜਵਾ ਮੁਰਦਾਬਾਦ' ਦੇ ਨਾਅਰੇ ਲਗਾਏ ਅਤੇ ਮੰਗ ਕੀਤੀ ਕਿ ਬਾਜਵਾ ਅਤੇ ਕਾਂਗਰਸ ਲੀਡਰਸ਼ਿਪ ਦਲਿਤ ਭਾਈਚਾਰੇ ਅਤੇ ਸਾਰੇ ਮਿਹਨਤਕਸ਼ ਲੋਕਾਂ ਤੋਂ ਜਨਤਕ ਤੌਰ 'ਤੇ ਮੁਆਫੀ ਮੰਗਣ।

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਦਾਅਵਾ ਕੀਤਾ ਕਿ ਕਾਂਗਰਸ ਦੀ ਦਲਿਤ ਵਿਰੋਧੀ ਮਾਨਸਿਕਤਾ ਇੱਕ ਵਾਰ ਫਿਰ ਪੰਜਾਬ ਦੇ ਲੋਕਾਂ ਸਾਹਮਣੇ ਨੰਗੀ ਹੋ ਗਈ ਹੈ। ਪੰਨੂ ਨੇ ਚਿਤਾਵਨੀ ਦਿੱਤੀ ਕਿ ਉਹ ਸੂਬੇ ਵਿੱਚ ਕਿਸੇ ਨੂੰ ਵੀ ਦਲਿਤਾਂ ਨੂੰ ਨੀਵਾਂ ਦਿਖਾਉਣ ਜਾਂ ਕਾਮਾ ਸ਼੍ਰੇਣੀ ਦੇ ਲੋਕਾਂ ਦੀ ਇੱਜ਼ਤ ਨੂੰ ਠੇਸ ਪਹੁੰਚਾਉਣ ਦੀ ਇਜਾਜ਼ਤ ਨਹੀਂ ਦੇਵੇਗੀ।

ਬਲਤੇਜ ਪੰਨੂ ਨੇ ਕਿਹਾ ਕਿ ਬਾਜਵਾ ਦੀ ਭਾਸ਼ਾ ਕਾਂਗਰਸ ਪਾਰਟੀ ਦੀ ਦਲਿਤਾਂ ਪ੍ਰਤੀ ਡੂੰਘੀ ਨਫ਼ਰਤ ਅਤੇ ਹਾਸ਼ੀਏ 'ਤੇ ਪਏ ਭਾਈਚਾਰਿਆਂ ਨੂੰ ਰਾਜਨੀਤਿਕ ਹੰਕਾਰ ਕਾਰਨ ਜ਼ਲੀਲ ਕਰਨ ਦੇ ਪੁਰਾਣੇ ਇਤਿਹਾਸ ਨੂੰ ਸਾਫ਼ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਜਿੱਥੇ 'ਆਪ' ਸ਼ਾਸਨ, ਸਿੱਖਿਆ, ਸਿਹਤ, ਰੁਜ਼ਗਾਰ ਅਤੇ ਲੋਕ ਭਲਾਈ ਵਿੱਚ ਵਿਸ਼ਵਾਸ ਰੱਖਦੀ ਹੈ, ਉੱਥੇ ਬਾਜਵਾ ਵਰਗੇ ਕਾਂਗਰਸੀ ਆਗੂ ਅਜੇ ਵੀ ਉਸੇ ਜਾਗੀਰਦਾਰੂ ਅਤੇ ਜਾਤੀਵਾਦੀ ਮਾਨਸਿਕਤਾ ਵਿੱਚ ਫਸੇ ਹੋਏ ਹਨ, ਜਿਸ ਨੂੰ ਪੰਜਾਬ ਵਾਰ-ਵਾਰ ਨਕਾਰ ਚੁੱਕਾ ਹੈ।

ਹੁਸ਼ਿਆਰਪੁਰ, ਕਪੂਰਥਲਾ, ਐਸ.ਬੀ.ਐਸ. ਨਗਰ, ਅੰਮ੍ਰਿਤਸਰ, ਪਠਾਨਕੋਟ, ਤਰਨਤਾਰਨ, ਫਰੀਦਕੋਟ, ਫਤਹਿਗੜ੍ਹ ਸਾਹਿਬ, ਲੁਧਿਆਣਾ, ਮੋਗਾ, ਮਲੇਰਕੋਟਲਾ, ਪਟਿਆਲਾ, ਰੂਪਨਗਰ, ਸੰਗਰੂਰ, ਬਠਿੰਡਾ, ਫਾਜ਼ਿਲਕਾ, ਫਿਰੋਜ਼ਪੁਰ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਬਰਨਾਲਾ ਅਤੇ ਐਸ.ਏ.ਐਸ. ਨਗਰ ਸਮੇਤ ਪੂਰੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਹੋਏ। 'ਆਪ' ਦੇ ਮੰਤਰੀਆਂ, ਵਿਧਾਇਕਾਂ ਅਤੇ ਵਰਕਰਾਂ ਨੇ ਪ੍ਰਤਾਪ ਸਿੰਘ ਬਾਜਵਾ ਵਿਰੁੱਧ ਆਵਾਜ਼ ਬੁਲੰਦ ਕੀਤੀ।

ਬਲਤੇਜ ਪੰਨੂ ਨੇ ਸਪੱਸ਼ਟ ਕੀਤਾ ਕਿ ਪੰਜਾਬ ਬਰਾਬਰੀ ਦੀ ਧਰਤੀ ਹੈ, ਜੋ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੀ ਵਿਚਾਰਧਾਰਾ 'ਤੇ ਚੱਲਦਾ ਹੈ। ਪੰਜਾਬ ਦੇ ਲੋਕ ਦਲਿਤਾਂ ਅਤੇ ਮਿਹਨਤਕਸ਼ ਭਾਈਚਾਰਿਆਂ ਦਾ ਅਪਮਾਨ ਬਰਦਾਸ਼ਤ ਨਹੀਂ ਕਰਨਗੇ। ਪੰਨੂ ਨੇ ਕਿਹਾ ਕਿ ਜਦੋਂ ਤੱਕ ਬਾਜਵਾ ਅਤੇ ਕਾਂਗਰਸ ਲੀਡਰਸ਼ਿਪ ਬਿਨਾਂ ਸ਼ਰਤ ਮੁਆਫੀ ਨਹੀਂ ਮੰਗਦੀ, ਉਦੋਂ ਤੱਕ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।

# ਪੰਜਾਬ ਮਾਰਚ-2026 ਦੀਆਂ ਬੋਰਡ ਪ੍ਰੀਖਿਆਵਾਂ ਲਈ ਐਂਡ-ਟੂ-ਐਂਡ ਡਿਜੀਟਲ ਮੁਲਾਂਕਣ ਪ੍ਰਣਾਲੀ ਲਾਗੂ ਕਰੇਗਾ : ਹਰਜੋਤ ਸਿੰਘ ਬੈਂਸ



ਚੰਡੀਗੜ੍ਹ, 13 ਫ਼ਰਵਰੀ, (ਚ.ਨ.ਸ.) : ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਮਾਰਚ-2026 ਦੀਆਂ ਬੋਰਡ ਪ੍ਰੀਖਿਆਵਾਂ ਲਈ ਮੁਲਾਂਕਣ ਪ੍ਰਕਿਰਿਆ ਵਿੱਚ ਵੱਡਾ ਬਦਲਾਅ ਲਿਆਉਣ ਜਾ ਰਹੀ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਆਨ-ਸਕਰੀਨ ਮਾਰਕਿੰਗ ਪ੍ਰਣਾਲੀ ਲਾਗੂ ਕਰਨ ਦੀ ਤਿਆਰੀ ਮੁਕੰਮਲ ਕਰ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਕਦਮ ਨਾਲ ਪੰਜਾਬ ਦੇਸ ਦੇ ਉਨ੍ਹਾਂ ਮੋਹਰੀ ਸੂਬਿਆਂ ਵਿੱਚ ਸ਼ੁਮਾਰ ਹੋ ਜਾਵੇਗਾ, ਜਿੱਥੇ ਪੂਰੀ ਤਰ੍ਹਾਂ ਡਿਜੀਟਲ ਮੁਲਾਂਕਣ ਪ੍ਰਣਾਲੀ ਅਪਣਾਈ ਜਾ ਰਹੀ ਹੈ।

ਇਸ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਇਸ ਪ੍ਰਣਾਲੀ ਨਾਲ ਅਧਿਆਪਕ ਸਕੈਨ ਕੀਤੀਆਂ ਉੱਤਰ ਪੱਤਰੀਆਂ ਦਾ ਕੰਪਿਊਟਰ 'ਤੇ ਮੁਲਾਂਕਣ ਕਰ ਸਕਣਗੇ ਅਤੇ ਸਾਫ਼ਟਵੇਅਰ ਰਾਹੀਂ ਅੰਕਾਂ ਦੀ ਗਿਣਤੀ ਆਪਣੇ ਆਪ ਹੋਵੇਗੀ, ਜਿਸ ਨਾਲ ਨਤੀਜੇ ਤੇਜ ਅਤੇ ਸਹੀ ਤਰੀਕੇ ਨਾਲ ਜਾਰੀ ਹੋਣਗੇ।

ਸਿੱਖਿਆ ਮੰਤਰੀ ਨੇ ਦੱਸਿਆ ਕਿ ਇਸ ਪ੍ਰਣਾਲੀ ਨੇ ਤੁਰੰਤ ਅਤੇ ਸਟੀਕ ਮੁਲਾਂਕਣ ਕਰਕੇ ਆਪਣੀ ਯੋਗਤਾ ਪਹਿਲਾਂ ਹੀ ਸਾਬਤ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸਤੰਬਰ 2025 ਦੀ ਸਪਲੀਮੈਂਟਰੀ ਪ੍ਰੀਖਿਆ ਦੌਰਾਨ 23,000 ਉੱਤਰ ਪੱਤਰੀਆਂ ਦਾ ਡਿਜੀਟਲ ਮੁਲਾਂਕਣ ਸਫ਼ਲਤਾਪੂਰਵਕ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਸਫ਼ਲ ਪ੍ਰਯੋਗ ਤੋਂ ਉਤਸ਼ਾਹਿਤ ਹੋ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਇਸ ਸਾਲ ਮੈਟ੍ਰਿਕ ਪ੍ਰੀਖਿਆ ਦੇ ਇੱਕ ਵਿਸੇ ਵਿੱਚ ਆਨ-ਸਕਰੀਨ ਮਾਰਕਿੰਗ ਪ੍ਰਣਾਲੀ ਲਾਗੂ ਕਰੇਗਾ ਅਤੇ ਆਉਣ ਵਾਲੇ ਸੈਸਨਾਂ ਵਿੱਚ ਇਸ ਦਾ ਵਿਸਥਾਰ ਕੀਤਾ ਜਾਵੇਗਾ।

ਤਕਨੀਕੀ ਪੱਖਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਨਵੀਂ ਡਿਜਾਈਨ ਕੀਤੀ ਗਈ ਉੱਤਰ ਪੱਤਰੀ ਦੇ ਹਰੇਕ ਪੰਨੇ ਵਿੱਚ ਇੱਕ ਵਿਲੱਖਣ ਕਿਊ.ਆਰ. ਕੋਡ ਹੈ, ਜਿਸ ਨਾਲ ਸੁਰੱਖਿਅਤ ਸਕੈਨਿੰਗ ਅਤੇ ਨਿਰਵਿਘਨ ਡਿਜੀਟਲ ਪ੍ਰੋਸੈਸਿੰਗ ਸੰਭਵ ਹੋਵੇਗੀ। ਸਿੱਖਿਆ ਮੰਤਰੀ ਨੇ ਕਿਹਾ ਕਿ ਆਨ-ਸਕਰੀਨ ਮਾਰਕਿੰਗ ਪ੍ਰਣਾਲੀ ਤਹਿਤ ਉੱਤਰ ਪੱਤਰੀਆਂ ਨੂੰ ਇੱਕ ਸੁਰੱਖਿਅਤ ਮਾਹੌਲ ਵਿੱਚ ਸਕੈਨ ਕੀਤਾ ਜਾਂਦਾ ਹੈ ਅਤੇ ਇੱਕ ਕੇਂਦਰੀਕ੍ਰਿਤ ਡੈਸ਼ਬੋਰਡ 'ਤੇ ਅਪਲੋਡ ਕੀਤਾ ਜਾਂਦਾ ਹੈ, ਜਿੱਥੇ ਪ੍ਰੀਖਿਆਰਥੀ ਜੋੜ, ਢਾਂਚਾਗਤ ਮਾਰਕਿੰਗ ਸਕੀਮਾਂ ਅਤੇ ਅਸਲ-ਸਮੇਂ ਦੀ ਨਿਗਰਾਨੀ ਨਾਲ ਉਨ੍ਹਾਂ ਦਾ ਆਨਲਾਈਨ ਮੁਲਾਂਕਣ ਕਰਦੇ ਹਨ।

ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਇਸ ਪਹਿਲ ਪਿੱਛੇ ਵਿਦਿਆਰਥੀਆਂ ਨੂੰ ਤਰਜੀਹ ਦੇਣ ਸਬੰਧੀ ਦ੍ਰਿਸਟੀਕੋਣ 'ਤੇ ਜੋਰ ਦਿੱਤਾ। ਉਨ੍ਹਾਂ ਕਿਹਾ, "ਇਹ ਪਹਿਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਇਮਾਨਦਾਰੀ ਅਤੇ ਕੁਸਲਤਾ ਪ੍ਰਤੀ ਵਚਨਬੱਧਤਾ ਨੂੰ ਹੋਰ ਮਜਬੂਤ ਕਰੇਗੀ। ਵਿਦਿਆਰਥੀਆਂ ਨੂੰ ਨਤੀਜੇ ਵਿੱਚ ਲੱਗਣ ਵਾਲੇ ਸਮੇਂ ਵਿੱਚ ਕਮੀ, ਮਿਆਰੀ ਮਾਰਕਿੰਗ ਅਤੇ ਮੁਲਾਂਕਣ ਵਿੱਚ ਪਾਰਦਰਸਤਾ ਦਾ ਲਾਭ ਮਿਲੇਗਾ। ਸਾਡੇ ਅਧਿਆਪਕ ਵੀ ਡਿਜੀਟਲ ਇੰਟਰਫੇਸ ਨਾਲ ਕੰਮ ਕਰਨਗੇ, ਜੋ ਇੱਕਸਾਰਤਾ ਅਤੇ ਯੋਜਨਾਬੱਧ ਢੰਗ ਨਾਲ ਰਿਕਾਰਡ ਰੱਖਣ ਨੂੰ ਯਕੀਨੀ ਬਣਾਉਂਦਾ ਹੈ।" ਉਨ੍ਹਾਂ ਕਿਹਾ ਕਿ ਬੋਰਡ ਨੇ ਮਾਰਚ 2026 ਵਿੱਚ ਆਨ-ਸਕਰੀਨ ਮਾਰਕਿੰਗ ਸਿਸਟਮ ਦੀ ਸ਼ੁਰੂਆਤ ਸਬੰਧੀ ਸਾਰੀਆਂ ਤਕਨੀਕੀ ਅਤੇ ਪ੍ਰਬੰਧਕੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ, ਜੋ ਪੰਜਾਬ ਸਰਕਾਰ ਦੀ ਆਪਣੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕਰਦੀ ਹੈ।

# ਗੈਂਗਸਟਰਾਂ 'ਤੇ ਵਾਰ ਦਾ 24ਵਾਂ ਦਿਨ : 888 ਥਾਵਾਂ 'ਤੇ ਛਾਪੇਮਾਰੀ; 256 ਕਾਬੂ

ਚੰਡੀਗੜ੍ਹ, 13 ਫਰਵਰੀ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੇ 24ਵੇਂ ਦਿਨ, ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਨਾਲ ਸਬੰਧਤ ਪਛਾਣੇ ਗਏ ਅਤੇ ਮੈਪ ਕੀਤੇ ਟਿਕਾਣਿਆਂ 'ਤੇ 888 ਛਾਪੇਮਾਰੀਆਂ ਕੀਤੀਆਂ।

ਜਾਣਕਾਰੀ ਅਨੁਸਾਰ, "ਗੈਂਗਸਟਰਾਂ 'ਤੇ ਵਾਰ" - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਵਿੱਢੀ ਇੱਕ ਫੈਸਲਾਕੁੰਨ ਜੰਗ 20 ਜਨਵਰੀ, 2026 ਨੂੰ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਇਸ ਤਹਿਤ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਵੱਲੋਂ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸੂਬੇ ਭਰ ਵਿੱਚ ਵਿਸੇਸ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

ਇਸ ਮੁਹਿੰਮ ਦੇ 24ਵੇਂ ਦਿਨ, ਪੁਲਿਸ ਟੀਮਾਂ ਨੇ 256 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ। ਇਸ ਦੇ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਗਿਣਤੀ 9,012 ਹੋ ਗਈ ਹੈ।

ਇਸ ਤੋਂ ਇਲਾਵਾ 129 ਵਿਅਕਤੀਆਂ ਵਿਰੁੱਧ ਰੋਕਥਾਮ ਕਾਰਵਾਈ ਕੀਤੀ ਗਈ, ਜਦੋਂ ਕਿ 239 ਵਿਅਕਤੀਆਂ ਦੀ ਤਸਦੀਕ ਕੀਤੀ ਗਈ ਅਤੇ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਵੱਲੋਂ ਕਾਰਵਾਈ ਦੌਰਾਨ 7 ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ।

ਲੋੜੀਂਦੇ ਅਪਰਾਧੀਆਂ/ਗੈਂਗਸਟਰਾਂ ਬਾਰੇ ਜਾਣਕਾਰੀ ਅਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਇਤਲਾਹ ਦੇਣ ਲਈ ਲੋਕ ਗੁਪਤ ਰੂਪ ਵਿੱਚ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਸੰਪਰਕ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" 349ਵੇਂ ਦਿਨ ਵੀ ਜਾਰੀ ਰੱਖੀ ਹੈ, ਜਿਸ ਵਿੱਚ 76 ਨਸਾ ਤਸਕਰਾਂ ਨੂੰ ਸ਼ੁੱਕਰਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 3.9 ਕਿਲੋ ਹੈਰੋਇਨ, 7 ਕਿਲੋ ਭੁੱਕੀ, 526 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 11,500 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 349 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸਾ ਤਸਕਰਾਂ ਦੀ ਗਿਣਤੀ 49,440 ਹੋ ਗਈ ਹੈ। ਨਸਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 36 ਵਿਅਕਤੀਆਂ ਨੂੰ ਨਸਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜੀ ਕੀਤਾ ਹੈ।

# ਸ੍ਰੀ ਅਨੰਦਪੁਰ ਸਾਹਿਬ ਹੋਲੇ-ਮੁਹੱਲੇ ਲਈ ਪੂਰੀ ਤਰ੍ਹਾਂ ਤਿਆਰ; ਬੈਂਸ ਵੱਲੋਂ ਵਿਆਪਕ ਪ੍ਰਬੰਧਾਂ ਲਈ ਆਦੇਸ਼



ਚੰਡੀਗੜ੍ਹ/ਸ੍ਰੀ ਅਨੰਦਪੁਰ ਸਾਹਿਬ, 13 ਫਰਵਰੀ, (ਚ.ਨ.ਸ.) : ਹੋਲੇ ਮਹੱਲੇ ਦੇ ਪਵਿੱਤਰ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਲੱਖਾਂ ਦੀ ਗਿਣਤੀ ਵਿੱਚ ਪਹੁੰਚਣ ਵਾਲੀ ਸੰਗਤ ਦੇ ਮੱਦੇਨਜਰ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਰੂਪਨਗਰ ਜ਼ਿਲ੍ਹੇ ਦੇ ਅਧਿਕਾਰੀਆਂ ਨੂੰ ਟੈਂਟ ਸਿਟੀ, ਟਰਾਲੀ ਸਿਟੀ, ਸਮਰਪਿਤ ਪਾਰਕਿੰਗ ਜ਼ੋਨ ਬਣਾਉਣ ਤੋਂ ਇਲਾਵਾ ਸੰਗਤ ਦੀ ਸੌਖਾਲੀ ਯਾਤਰਾ ਲਈ ਸਟਲ ਬੱਸ ਅਤੇ ਆਟੋਰਿਕਸ਼ਾ ਸੇਵਾ ਸ਼ੁਰੂ ਕਰਨ ਅਤੇ ਹੋਰ ਲੋੜੀਂਦੇ ਪ੍ਰਬੰਧ ਕਰਨ ਦੇ ਨਿਰਦੇਸ ਦਿੱਤੇ ਹਨ ਤਾਂ ਜੋ ਆਉਣ ਵਾਲੀ ਸਾਰੀ ਸੰਗਤ ਲਈ ਅਧਿਆਤਮਿਕ ਮਾਹੌਲ ਨੂੰ ਯਕੀਨੀ ਬਣਾਇਆ ਜਾ ਸਕੇ।

ਬੈਂਸ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਅੱਠ ਏਕੜ ਵਿੱਚ ਟੈਂਟ ਸਿਟੀ, ਇੱਕ ਸਮਰਪਿਤ ਟਰਾਲੀ ਸਿਟੀ, 60 ਸਟਲ ਬੱਸਾਂ, 100 ਈ-ਰਿਕਸ਼ਾ, ਪੈਦਲ ਚੱਲਣ ਵਾਲਿਆਂ ਲਈ ਰਸਤੇ ਵਾਲੀਆਂ ਅਤੇ 25 ਪਾਰਕਿੰਗ ਜੋਨਾਂ ਸਥਾਪਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਹਰਜੋਤ ਸਿੰਘ ਬੈਂਸ ਨੇ ਸਬੰਧਤ ਸੀਨੀਅਰ ਅਧਿਕਾਰੀਆਂ ਨੂੰ ਸਪੱਸਟ ਨਿਰਦੇਸ਼ ਦਿੱਤੇ ਗਏ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਵਾਲੀ ਸੰਗਤ ਲਈ ਸੁਚਾਰੂ ਆਵਾਜਾਈ ਯਕੀਨੀ ਜਾਵੇ, ਆਲੇ-ਦੁਆਲੇ ਨੂੰ ਸਾਫ-ਸੁਥਰਾ ਰੱਖਿਆ ਜਾਵੇ ਅਤੇ ਸੰਗਤ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਨਾ ਹੋਣ ਦਿੱਤੀ ਜਾਵੇ।

# ਵਿਜੀਲੈਂਸ ਬਿਊਰੋ ਵੱਲੋਂ ਦੋ ਸੀਨੀਅਰ ਇੰਡਸਟਰੀਅਲ ਪ੍ਰਮੋਸ਼ਨਲ ਅਫ਼ਸਰ ਅਤੇ ਟਰੇਡ ਅਸਿਸਟੈਂਟ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ



ਚੰਡੀਗੜ੍ਹ, 13 ਫ਼ਰਵਰੀ (ਚ.ਨ.ਸ.) : ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਜ਼ਿਲ੍ਹਾ ਉਦਯੋਗ ਕੇਂਦਰ ਦਫ਼ਤਰ, ਲੁਧਿਆਣਾ ਵਿਖੇ ਤਾਇਨਾਤ ਸੀਨੀਅਰ ਇੰਡਸਟਰੀਅਲ ਪ੍ਰਮੋਸ਼ਨਲ ਅਫ਼ਸਰ ਜਸਪਾਲ ਸਿੰਘ ਅਤੇ ਰਿਸਵ ਗਰਗ ਅਤੇ ਜ਼ਿਲ੍ਹਾ ਉਦਯੋਗ ਕੇਂਦਰ ਦਫਤਰ, ਲੁਧਿਆਣਾ ਵਿਖੇ ਤਾਇਨਾਤ ਟਰੇਡ ਅਸਿਸਟੈਂਟ ਅੰਤਰਪ੍ਰੀਤ ਸਿੰਘ ਨੂੰ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਹੈ।

ਅੱਜ ਇੱਥੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੂੰ ਫੋਕਲ ਪੁਆਇੰਟ, ਲੁਧਿਆਣਾ ਦੇ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸ਼ਕਾਇਤਕਰਤਾ ਫੋਕਲ ਪੁਆਇੰਟ, ਲੁਧਿਆਣਾ ਵਿਖੇ ਇੱਕ ਪ੍ਰੋਡਕਸ਼ਨ ਯੂਨਿਟ ਚਲਾਉਂਦਾ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਨੇ ਆਪਣੇ ਯੂਨਿਟ ਦੇ ਸਬੰਧ ਵਿੱਚ ਉਤਪਾਦਨ ਸਰਟੀਫਿਕੇਟ ਦੀ ਸਹੀ ਮਿਤੀ ਲਈ ਅਰਜੀ ਦਿੱਤੀ ਅਤੇ ਇਹ ਸਰਟੀਫਿਕੇਟ ਜਾਰੀ ਕਰਨ ਬਦਲੇ ਉਕਤ ਮੁਲਜ਼ਮਾਂ ਨੇ ਸ਼ਿਕਾਇਤਕਰਤਾ ਤੋਂ 45000 ਰੁਪਏ ਦੀ ਰਿਸ਼ਵਤ ਮੰਗੀ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਉਕਤ ਮੁਲਜ਼ਮਾਂ ਵੱਲੋਂ ਰਿਸ਼ਵਤ ਮੰਗਣ ਸਬੰਧੀ ਹੋਈ ਸਾਰੀ ਗੱਲਬਾਤ ਰਿਕਾਰਡ ਕਰ ਲਈ।

ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ, ਜਿਸ ਦੌਰਾਨ ਤਿੰਨੋਂ ਮੁਲਜ਼ਮਾਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਗਿਆ।

ਇਸ ਸਬੰਧ ਵਿੱਚ ਉਕਤ ਮੁਲਜ਼ਮਾਂ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# 180 ਈ.ਟੀ.ਟੀ. ਅਧਿਆਪਕ ਐਸੋਸੀਏਸ਼ਨ ਦੇ ਮਸਲਿਆਂ ਦੇ ਹੱਲ ਦੀ ਪ੍ਰਕਿਰਿਆ ਤੇਜ਼



ਚੰਡੀਗੜ੍ਹ, 13 ਫ਼ਰਵਰੀ, (ਚ.ਨ.ਸ.) : ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਵਿੱਤ ਅਤੇ ਸਿੱਖਿਆ ਵਿਭਾਗਾਂ ਨੂੰ 180 ਈ.ਟੀ.ਟੀ. ਅਧਿਆਪਕ ਐਸੋਸੀਏਸ਼ਨ ਦੇ ਮਸਲਿਆਂ ਦੇ ਹੱਲ ਲਈ ਇੱਕ ਹੰਗਾਮੀ ਸਾਂਝੀ ਮੀਟਿੰਗ ਬੁਲਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੁਹਰਾਇਆ ਕਿ ਭਗਵੰਤ ਮਾਨ ਸਰਕਾਰ ਆਪਣੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਬਿਨਾਂ ਕਿਸੇ ਦੇਰੀ ਦੇ ਹੱਲ ਕਰਨ ਲਈ ਵਚਨਬੱਧ ਹੈ। ਇਹ ਨਿਰਦੇਸ਼ ਪੰਜਾਬ ਸਿਵਲ ਸਕੱਤਰੇਤ ਵਿਖੇ ਹੋਈ ਇੱਕ ਵਿਸਤ੍ਰਿਤ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਗਏ, ਜਿੱਥੇ ਯੂਨੀਅਨ ਦੇ ਨੁਮਾਇੰਦਿਆਂ ਨੇ ਆਪਣਾ ਪੱਖ ਪੂਰੇ ਵੇਰਵੇ ਸਹਿਤ ਪੇਸ਼ ਕੀਤਾ।

ਪੰਜਾਬ ਦੇ ਵਿੱਤ ਮੰਤਰੀ ਨੇ ਕਿਹਾ, "ਅੱਜ ਦੀ ਮੀਟਿੰਗ ਦੌਰਾਨ ਅਧਿਆਪਕਾਂ ਨੂੰ ਉਨ੍ਹਾਂ ਨੂੰ ਦਰਪੇਸ਼ ਪ੍ਰਸ਼ਾਸਨਿਕ ਅਤੇ ਪੇਸ਼ੇਵਰ ਰੁਕਾਵਟਾਂ ਬਾਰੇ ਦੱਸਣ ਦਾ ਪੂਰਾ ਮੌਕਾ ਦਿੱਤਾ ਗਿਆ। ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਉਨ੍ਹਾਂ ਦੀਆਂ ਮੰਗਾਂ ਦੇ ਹਰ ਪਹਿਲੂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇ, ਜਿਸ ਵਿੱਚ ਕਾਨੂੰਨੀ ਅਤੇ ਵਿੱਤੀ ਪ੍ਰਭਾਵ ਵੀ ਸ਼ਾਮਲ ਹਨ, ਤਾਂ ਜੋ ਅੰਤਿਮ ਫੈਸਲਾ ਕਾਨੂੰਨੀ ਤੌਰ 'ਤੇ ਸਹੀ ਅਤੇ ਵਿੱਤੀ ਤੌਰ 'ਤੇ ਵਿਵਹਾਰਕ ਹੋਵੇ।"

ਇਸ ਮੀਟਿੰਗ ਵਿੱਚ ਵਿੱਤ ਵਿਭਾਗ ਦੇ ਵਿਸੇਸ ਸਕੱਤਰ ਸੌਕਤ ਅਹਿਮਦ ਪਰੈ, ਐਡੀਸ਼ਨਲ ਐਡਵੋਕੇਟ ਜਨਰਲ ਰਮਨਦੀਪ ਸਿੰਘ ਪੰਧੇਰ, ਵਿਸੇਸ ਸਕੱਤਰ (ਪਰਸੋਨਲ) ਉਪਕਾਰ ਸਿੰਘ ਅਤੇ ਸਿੱਖਿਆ ਵਿਭਾਗ ਦੇ ਸੰਯੁਕਤ ਸਕੱਤਰ ਹਰਪ੍ਰੀਤ ਸਿੰਘ ਸਮੇਤ ਪ੍ਰਮੁੱਖ ਸਰਕਾਰੀ ਅਧਿਕਾਰੀਆਂ ਨੇ ਵਿਸਥਾਰ ਵਿੱਚ ਚਰਚਾ ਕੀਤੀ।

ਸਰਕਾਰ ਦੇ ਪੱਖ ਨੂੰ ਮੁੜ ਦੁਹਰਾਉਂਦੇ ਹੋਏ ਉਨ੍ਹਾਂ ਕਿਹਾ, "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਉਸਾਰੂ ਗੱਲਬਾਤ ਅਤੇ ਕਾਨੂੰਨੀ ਹੱਲ ਹਮੇਸਾ ਸਾਡੀ ਪਹੁੰਚ ਰਹੇਗੀ।"

ਮੀਟਿੰਗ ਦੌਰਾਨ 180 ਈ.ਟੀ.ਟੀ. ਅਧਿਆਪਕ ਯੂਨੀਅਨ ਦੀ ਨੁਮਾਇੰਦਗੀ ਐਸੋਸੀਏਸ਼ਨ ਦੇ ਪ੍ਰਧਾਨ ਕਮਲ ਠਾਕੁਰ ਦੇ ਨਾਲ ਸੋਹਣ ਸਿੰਘ, ਗੁਰਮੁਖ ਸਿੰਘ ਅਤੇ ਗੌਰਵ ਕਾਂਤ ਨੇ ਕੀਤੀ।



## ਸੰਪਾਦਕੀ

# ਸ਼ਬਦਾਂ ਦੀ ਜਾਦੂਗਰੀ

ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤਾ ਅਜੇ ਆਪਣੇ ਅੰਤਿਮ ਰੂਪ 'ਤੇ ਨਹੀਂ ਪਹੁੰਚਿਆ ਹੈ, ਪਰ ਇਸਦੇ ਮੁੱਖ ਬਿੰਦੂਆਂ ਦੇ ਫਾਇਦੇ ਅਤੇ ਨੁਕਸਾਨ 'ਤੇ ਚੱਲ ਰਹੀ ਬਹਿਸ ਦੇ ਪ੍ਰਭਾਵ ਪੈਣੇ ਸ਼ੁਰੂ ਹੋ ਗਏ ਹਨ। ਇਹ ਧਿਆਨ ਦੇਣ ਯੋਗ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਸਮਝੌਤੇ ਦੇ ਸ਼ੁਰੂਆਤੀ ਖਰੜੇ ਵਿੱਚ ਭਾਰਤ ਵੱਲੋਂ ਕੁਝ ਹੋਰ ਅਮਰੀਕੀ ਵਸਤੂਆਂ ਦੇ ਨਾਲ-ਨਾਲ ਕੁਝ ਦਾਲਾਂ 'ਤੇ ਟੈਰਿਫ ਘਟਾਉਣ ਜਾਂ ਖਤਮ ਕਰਨ ਦੀਆਂ ਰਿਪੋਰਟਾਂ ਸ਼ਾਮਲ ਸਨ। ਹਾਲਾਂਕਿ, ਭਵਿੱਖ ਵਿੱਚ ਭਾਰਤੀ ਖੇਤੀਬਾੜੀ ਅਤੇ ਕਿਸਾਨਾਂ 'ਤੇ ਇਸ ਦੇ ਮਹੱਤਵਪੂਰਨ ਪ੍ਰਭਾਵ ਪੈਣ ਬਾਰੇ ਡਰ ਪੈਦਾ ਹੋਇਆ ਸੀ। ਸੰਯੁਕਤ ਰਾਜ ਅਮਰੀਕਾ ਦੁਆਰਾ ਜਾਰੀ ਕੀਤੀ ਗਈ ਨਵੀਂ ਤੱਥ ਪੱਤਰ ਵਿੱਚ ਹੁਣ ਕਈ ਮਹੱਤਵਪੂਰਨ ਸੋਧਾਂ ਕੀਤੀਆਂ ਗਈਆਂ ਹਨ, ਜਿਸ ਵਿੱਚ ਕੁਝ ਸ਼ਬਦਾਂ ਵਿੱਚ ਬਦਲਾਅ ਸ਼ਾਮਲ ਹਨ। ਉਦਾਹਰਣ ਵਜੋਂ ਜਦੋਂ ਕਿ ਡਰਾਫਟ ਸਮਝੌਤੇ ਵਿੱਚ ਪਹਿਲਾਂ ਭਾਰਤ ਦੁਆਰਾ £500 ਬਿਲੀਅਨ ਤੋਂ ਵੱਧ ਮੁੱਲ ਦੇ ਅਮਰੀਕੀ ਉਤਪਾਦਾਂ ਦੀ ਖਰੀਦ ਨੂੰ ਪ੍ਰਤੀਬੱਧਤਾ ਵਜੋਂ ਦਰਸਾਇਆ ਗਿਆ ਸੀ, ਸੋਧੇ ਹੋਏ ਸੰਸਕਰਣ ਨੇ ਹੁਣ ਇਸਨੂੰ ਖਰੀਦਣ ਦੇ ਇਰਾਦੇ ਵਜੋਂ ਪੇਸ਼ ਕੀਤਾ ਹੈ। ਇਸਦਾ ਮਤਲਬ ਹੈ ਕਿ ਇਹ ਪ੍ਰਬੰਧ ਹੁਣ ਭਾਰਤ 'ਤੇ ਪਾਬੰਦ ਨਹੀਂ ਰਹੇਗਾ। ਇਸ ਤੋਂ ਇਲਾਵਾ, ਸੋਧਾਂ ਤੋਂ ਬਾਅਦ, ਕਈ ਖੇਤੀਬਾੜੀ ਵਸਤੂਆਂ, ਖਾਸ ਕਰਕੇ ਦਾਲਾਂ, ਨੂੰ ਡਰਾਫਟ ਸਮਝੌਤੇ ਤੋਂ ਹਟਾ ਦਿੱਤਾ ਗਿਆ ਹੈ। ਇਸ ਤੋਂ ਬਾਅਦ ਭਾਰਤੀ ਖੇਤੀਬਾੜੀ ਖੇਤਰ ਵਿੱਚ ਅਮਰੀਕਾ ਦੁਆਰਾ ਪੈਦਾ ਕੀਤੇ ਗਏ ਮੁਕਾਬਲੇ ਤੋਂ ਰਾਹਤ ਦੀ ਉਮੀਦ ਸੁਭਾਵਿਕ ਤੌਰ 'ਤੇ ਹੈ। ਭਾਰਤ ਦੁਨੀਆ ਦਾ ਦਾਲਾਂ ਦਾ ਸਭ ਤੋਂ ਵੱਡਾ ਉਤਪਾਦਕ ਹੈ। ਇਸ ਕਾਰਨ ਕਰਕੇ ਕਿਸੇ ਵੀ ਵਪਾਰ ਸਮਝੌਤੇ ਵਿੱਚ ਖੇਤੀਬਾੜੀ ਖੇਤਰ ਲਈ ਖਾਸ ਕਰਕੇ ਦਾਲਾਂ ਨੂੰ ਇੱਕ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਮੁੱਦਾ ਮੰਨਿਆ ਜਾਂਦਾ ਰਿਹਾ ਹੈ। ਹਾਲ ਹੀ ਵਿੱਚ, ਜਦੋਂ ਖ਼ਬਰਾਂ ਆਈਆਂ ਕਿ ਦੋਵੇਂ ਦੇਸ਼ ਇੱਕ ਵਪਾਰ ਸਮਝੌਤੇ 'ਤੇ ਸਹਿਮਤੀ 'ਤੇ ਪਹੁੰਚ ਗਏ ਹਨ, ਤਾਂ ਸਕਾਰਾਤਮਕ ਪਹਿਲੂਆਂ 'ਤੇ ਵਿਆਪਕ ਤੌਰ 'ਤੇ ਚਰਚਾ ਹੋਈ, ਜਿਸ ਵਿੱਚ ਅਮਰੀਕਾ ਵੱਲੋਂ ਟੈਰਿਫ ਵਿੱਚ 18% ਦੀ ਕਟੌਤੀ ਸ਼ਾਮਲ ਹੈ, ਦੀ ਵਿਆਪਕ ਚਰਚਾ ਹੋਈ। ਹਾਲਾਂਕਿ, ਖੇਤੀਬਾੜੀ ਅਤੇ ਹੋਰ ਉਤਪਾਦਾਂ 'ਤੇ ਇਸ ਦੇ ਰੁਖ ਬਾਰੇ ਵੀ ਕਈ ਚਿੰਤਾਵਾਂ ਪੈਦਾ ਹੋਈਆਂ। ਇਹ ਡਰ ਸੀ ਕਿ ਜੇਕਰ ਅਮਰੀਕੀ ਖੇਤੀਬਾੜੀ ਉਤਪਾਦਾਂ ਅਤੇ ਹੋਰ ਵਸਤੂਆਂ ਨੂੰ ਭਾਰਤ ਤੱਕ ਬਿਨਾਂ ਰੋਕ-ਟੋਕ ਪਹੁੰਚ ਦਿੱਤੀ ਜਾਂਦੀ ਹੈ, ਤਾਂ ਇਸਦਾ ਭਾਰਤੀ ਖੇਤੀਬਾੜੀ ਖੇਤਰ 'ਤੇ ਮਹੱਤਵਪੂਰਨ ਪ੍ਰਭਾਵ ਪਵੇਗਾ। ਨਤੀਜੇ ਵਜੋਂ, ਕਿਸਾਨਾਂ ਵੱਲੋਂ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਵਿਰੋਧੀ ਪਾਰਟੀਆਂ ਨੇ ਸਰਕਾਰ 'ਤੇ ਊਰਜਾ ਸੁਰੱਖਿਆ ਅਤੇ ਕਿਸਾਨਾਂ ਨੂੰ ਨਜ਼ਰਅੰਦਾਜ਼ ਕਰਨ ਦਾ ਵੀ ਦੋਸ਼ ਲਗਾਇਆ। ਇਨ੍ਹਾਂ ਉਤਰਾਅ-ਚੜ੍ਹਾਅ ਦੇ ਵਿਚਕਾਰ, ਵਪਾਰ ਸਮਝੌਤੇ ਦੇ ਖਰੜੇ ਵਿੱਚ ਹੁਣ ਰਿਪੋਰਟ ਕੀਤੇ ਗਏ ਬਦਲਾਅ ਸਕਾਰਾਤਮਕ ਅਤੇ ਭਾਰਤ ਲਈ ਰਾਹਤ ਸਾਬਤ ਹੋ ਸਕਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਭਾਈਵਾਲੀ ਨੂੰ ਸਿਰਫ਼ ਤਾਂ ਹੀ ਜਾਇਜ਼ ਠਹਿਰਾਇਆ ਜਾ ਸਕਦਾ ਹੈ ਜੇਕਰ ਇਸ ਵਿੱਚ ਆਪਸੀ ਅਤੇ ਸਾਂਝੇ ਹਿੱਤਾਂ 'ਤੇ ਆਧਾਰਿਤ ਸ਼ਰਤਾਂ ਸ਼ਾਮਲ ਹੋਣ। ਅੰਤਰਰਾਸ਼ਟਰੀ ਵਪਾਰ ਵਿੱਚ ਸੰਯੁਕਤ ਰਾਜ ਅਮਰੀਕਾ ਅਤੇ ਭਾਰਤ ਦੀ ਸਥਿਤੀ ਨੂੰ ਇੱਕੋ ਪੱਧਰ 'ਤੇ ਨਹੀਂ ਦੇਖਿਆ ਜਾ ਸਕਦਾ। ਇਸ ਲਈ ਦੋਵਾਂ ਦੇਸ਼ਾਂ ਵਿਚਕਾਰ ਸਮਝੌਤੇ ਵਿੱਚ ਸੰਤੁਲਨ ਕਾਰਕ ਸੰਦਰਭ 'ਤੇ ਨਿਰਭਰ ਕਰਨਗੇ। ਜੇਕਰ ਭਾਰਤ ਬਿਨਾਂ ਕਿਸੇ ਸ਼ਰਤ ਦੇ ਅਮਰੀਕੀ ਉਤਪਾਦਾਂ ਲਈ ਆਪਣਾ ਬਾਜ਼ਾਰ ਖੋਲ੍ਹ ਦਿੰਦਾ ਹੈ ਤਾਂ ਕਈ ਖੇਤਰ ਹਨ, ਜਿੱਥੇ ਮੁਕਾਬਲਾ ਚੁਣੌਤੀ ਪੈਦਾ ਕਰ ਸਕਦਾ ਹੈ। ਕਈ ਚਿੰਤਾਵਾਂ ਦੇ ਵਿਚਕਾਰ, ਸੰਯੁਕਤ ਰਾਜ ਅਮਰੀਕਾ ਨਾਲ ਚੱਲ ਰਹੀ ਗੱਲਬਾਤ ਭਾਰਤ ਦੇ ਖੇਤੀਬਾੜੀ ਖੇਤਰ 'ਤੇ ਮਹੱਤਵਪੂਰਨ ਪ੍ਰਭਾਵ ਦੀ ਉਮੀਦ ਕਰ ਰਹੀ ਸੀ। ਹੁਣ, ਸੋਧਾਂ ਤੋਂ ਬਾਅਦ ਜੇਕਰ ਦੋਵਾਂ ਦੇਸ਼ਾਂ ਦੇ ਹਿੱਤਾਂ ਨੂੰ ਯਕੀਨੀ ਬਣਾਉਣ ਵਾਲੀਆਂ ਸੰਤੁਲਿਤ ਨੀਤੀਆਂ ਆਕਾਰ ਲੈਣ ਦੇ ਯੋਗ ਹੁੰਦੀਆਂ ਹਨ, ਤਾਂ ਵਪਾਰ ਸਮਝੌਤਾ ਭਾਰਤ ਲਈ ਵੀ ਲਾਭਦਾਇਕ ਹੋਵੇਗਾ। ਸੰਯੁਕਤ ਰਾਜ ਅਮਰੀਕਾ ਦੁਆਰਾ ਸਮਝੌਤੇ ਦੀਆਂ ਸ਼ਰਤਾਂ ਵਿੱਚ ਕੀਤੇ ਗਏ ਬਦਲਾਅ ਹੁਣ ਅੱਗੇ ਦੀ ਗੱਲਬਾਤ ਵਿੱਚ ਸੰਤੁਲਨ ਦੀ ਭੂਮਿਕਾ ਨਿਭਾ ਸਕਦੇ ਹਨ।

-ਜਗਜੀਤ ਸਿੰਘ ਦਰਦੀ

## ਅੱਜ ਪੰਜਾਬ ਦਾ ਰਾਜਨੀਤਿਕ ਸੰਕਟ

# ਹੁਣ ਬਦਹਾਲ ਕਿਸਾਨੀ, ਬੇਰੁਜ਼ਗਾਰ ਯੁਵਕ ਤੇ ਰਾਜਨੀਤਿਕ ਲੋਕਾਂ ਦੀ ਬੌਧਿਕ ਕੰਗਾਲੀ ਨੂੰ ਪੰਜਾਬ ਭੁਗਤੇਗਾ ਅਗਲੇ 50 ਸਾਲ ਤੱਕ

### ਸੰਵਿਧਾਨ, ਸੱਭਿਆਚਾਰ ਅਤੇ ਸਮਾਜ ਦੇ ਵਿਚਕਾਰ ਟੁੱਟਦਾ ਸੰਤੁਲਨ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ—ਉਹ ਪੰਜਾਬ—ਕਦੇ ਸਿਰਫ਼ ਇੱਕ ਭੂਗੋਲਿਕ ਖੇਤਰ ਨਹੀਂ ਰਿਹਾ। ਇਹ ਇੱਕ ਆਤਮਿਕ ਅਵਸਥਾ ਹੈ, ਇੱਕ ਇਤਿਹਾਸਕ ਚੇਤਨਾ ਹੈ, ਇੱਕ ਬੁਲੰਦ ਰੂਹ ਦਾ ਨਾਮ ਹੈ।

ਇਹ ਉਹ ਧਰਤੀ ਹੈ, ਜਿੱਥੇ ਸ਼ਹਾਦਤ ਨੇ ਜਨਮ ਲਿਆ, ਜਿੱਥੇ ਖੇਤਾਂ ਦੀ ਮਿੱਟੀ ਨੇ ਇਨਕਲਾਬ ਪੈਦਾ ਕੀਤੇ, ਜਿੱਥੇ ਮਨੁੱਖਤਾ ਦੇ ਸਬਕ ਦਿੱਤੇ ਗਏ। ਪਰ ਅੱਜ ਇਹੀ ਪੰਜਾਬ ਇੱਕ ਅਜਿਹੇ ਰਾਜਨੀਤਿਕ ਅਤੇ ਨੈਤਿਕ ਸੰਕਟ ਵਿੱਚ ਫਸਿਆ ਹੋਇਆ ਹੈ, ਜਿੱਥੇ ਸੱਤਾ ਸੇਵਾ ਤੋਂ ਕੱਟ ਗਈ ਹੈ, ਰਾਜਨੀਤੀ ਦਰਸ਼ਨ ਤੋਂ ਖਾਲੀ ਹੋ ਗਈ ਹੈ ਅਤੇ ਸਮਾਜ ਆਪਣੇ ਆਪ ਤੋਂ ਬੇਗਾਨਾ ਹੋ ਰਿਹਾ ਹੈ।

ਇਹ ਸਿਰਫ਼ ਸਰਕਾਰਾਂ ਦੀ ਨਾਕਾਮੀ ਦੀ ਕਹਾਣੀ ਨਹੀਂ; ਇਹ ਇੱਕ ਡੂੰਘੀ ਬੌਧਿਕ ਕੰਗਾਲੀ ਦਾ ਦਰਪਣ ਹੈ। ਇਹ ਉਸ ਖਾਲੀਪਣ ਦੀ ਦਸਤਾਨ ਹੈ, ਜਿੱਥੇ ਸਿਆਸਤਦਾਨਾਂ ਕੋਲ ਨਾਅਰੇ ਹਨ ਪਰ ਨੀਤੀਆਂ ਨਹੀਂ, ਵੋਟਾਂ ਦੀ ਗਿਣਤੀ ਹੈ ਪਰ ਵਿਜ਼ਨ ਨਹੀਂ, ਸੱਤਾ ਦੀ ਭੁੱਖ ਹੈ ਪਰ ਸਮਾਜਿਕ ਜ਼ਿੰਮੇਵਾਰੀ ਨਹੀਂ।

**ਅੱਜ ਸੰਵਿਧਾਨਿਕ ਆਦਰਸ਼ ਅਤੇ ਪੰਜਾਬ ਦੀ ਹਕੀਕਤ ਵਿੱਚ** : ਭਾਰਤ ਦਾ ਸੰਵਿਧਾਨ—ਜਿਸਦੀ ਰਚਨਾ ਡਾਕਟਰ ਭੀਮਰਾਓ ਅੰਬੇਡਕਰ ਦੀ ਅਗਵਾਈ ਵਿੱਚ ਹੋਈ—ਸਮਾਨਤਾ, ਨਿਆਂ, ਆਜ਼ਾਦੀ ਅਤੇ ਭਾਈਚਾਰੇ ਦੇ ਸਿਧਾਂਤਾਂ 'ਤੇ ਆਧਾਰਿਤ ਹੈ। ਸੰਵਿਧਾਨ ਦਾ ਪ੍ਰਸਤਾਵਨਾ ਪੱਤਰ ਸਾਨੂੰ ਯਾਦ ਦਿਵਾਉਂਦਾ ਹੈ ਕਿ ਭਾਰਤ ਇੱਕ ਸੰਪੂਰਨ, ਸਮਾਜਵਾਦੀ, ਧਰਮਨਿਰਪੇਖ, ਲੋਕਤੰਤਰਕ ਗਣਰਾਜ ਹੈ। ਪਰ ਹੁਣ ਸਵਾਲ ਇਹ ਹੈ ਕਿ ਕੀ ਇਹ ਆਦਰਸ਼ ਪੰਜਾਬ ਦੀ ਧਰਤੀ 'ਤੇ ਜ਼ਮੀਨੀ ਹਕੀਕਤ ਬਣੇ? ਆਰਟੀਕਲ 14 ਸਮਾਨਤਾ ਦੀ ਗਾਰੰਟੀ ਦਿੰਦਾ ਹੈ। ਆਰਟੀਕਲ 19 ਅਭਿਵਯਕਤੀ ਦੀ ਆਜ਼ਾਦੀ ਦਿੰਦਾ ਹੈ। ਆਰਟੀਕਲ 21 ਜੀਵਨ ਅਤੇ ਵਿਅਕਤੀਗਤ ਆਜ਼ਾਦੀ ਦੀ ਰੱਖਿਆ ਕਰਦਾ ਹੈ। ਪਰ ਜਦੋਂ ਨੌਜਵਾਨ ਬੇਰੁਜ਼ਗਾਰ ਹੈ, ਕਿਸਾਨ ਕਰਜ਼ੇ ਵਿੱਚ ਡੁੱਬਿਆ ਹੈ ਅਤੇ ਸਮਾਜ ਜਾਤੀ ਵੰਡ ਵਿੱਚ ਫਸਿਆ ਹੈ, ਤਾਂ ਇਹ ਸੰਵਿਧਾਨਕ ਅਧਿਕਾਰ ਕਾਗਜ਼ੀ ਹੀ ਲੱਗਦੇ ਹਨ।

ਅੱਜ ਪੰਜਾਬ ਵਿੱਚ ਰਾਜਨੀਤਿਕ ਪਾਰਟੀਆਂ ਨੇ ਸੰਵਿਧਾਨ ਨੂੰ ਸਿਰਫ਼ ਸਹੁੰ ਚੁੱਕਣ ਦੀ ਕਿਤਾਬ ਬਣਾਇਆ ਹੈ। ਉਸਦੇ ਆਦਰਸ਼ਾਂ ਨੂੰ ਅਮਲ ਵਿੱਚ ਲਿਆਂਦਾ ਜਾਣਾ ਕਦੇ ਵੀ ਉਹਨਾਂ ਦੀ ਪ੍ਰਾਥਮਿਕਤਾ ਨਹੀਂ ਰਿਹਾ। ਅੱਜ ਇਤਿਹਾਸਕ ਸੰਦਰਭ: ਭਰੋਸੇ ਦੀ ਟੁੱਟਦੀ ਕੜੀ ਵਿੱਚ 1984 ਦਾ ਜ਼ਖ਼ਮ ਪੰਜਾਬ ਦੀ ਰਾਜਨੀਤਿਕ ਚੇਤਨਾ ਵਿੱਚ ਅਜੇ ਵੀ ਤਾਜ਼ਾ ਹੈ। ਜਦੋਂ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਕਾਰਵਾਈ ਹੋਈ ਅਤੇ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਨੇ ਇਹ ਫੈਸਲਾ ਲਿਆ, ਤਾਂ ਸਿਰਫ਼ ਇੱਕ ਇਮਾਰਤ ਨਹੀਂ ਘਾਇਲ ਹੋਈ; ਇੱਕ ਕੌਮੀ ਵਿਸ਼ਵਾਸ ਟੁੱਟਿਆ ਹੋਇਆ ਹੈ।

ਉਸ ਤੋਂ ਬਾਅਦ ਆਏ ਦੰਗੇ, ਬੇਗੁਨਾਹਾਂ ਦੀ ਹੱਤਿਆ ਅਤੇ ਨਿਆਂ ਦੀ ਲੰਬੀ ਪ੍ਰਕਿਰਿਆ ਨੇ ਪੰਜਾਬ ਅਤੇ ਕੇਂਦਰ ਦੇ ਵਿਚਕਾਰ ਇੱਕ ਅਦ੍ਰਿਸ਼ ਦੀਵਾਰ ਖੜ੍ਹੀ ਕਰ ਦਿੱਤੀ।ਕਾਂਗਰਸ ਪਾਰਟੀ ਦਾ ਇਤਿਹਾਸ ਪੰਜਾਬ ਵਿੱਚ ਇਸ ਸੰਦਰਭ ਤੋਂ ਬਿਨਾਂ ਨਹੀਂ ਸਮਝਿਆ ਜਾ ਸਕਦਾ। ਇਹ ਸੱਚ ਹੈ ਕਿ ਹਰ ਰਾਜਨੀਤਿਕ ਦਲ ਨੇ ਆਪਣੀਆਂ ਗਲਤੀਆਂ ਕੀਤੀਆਂ ਹਨ, ਪਰ ਪੰਜਾਬ ਵਿੱਚ ਭਰੋਸੇ ਦੇ ਟੁੱਟਣ ਦਾ ਮੁੱਖ ਮੋੜ 1984 ਰਿਹਾ।

ਅੱਜ ਇਹ ਜ਼ਖ਼ਮ ਸਿਰਫ਼ ਇਤਿਹਾਸਕ ਨਹੀਂ; ਇਹ ਮਾਨਸਿਕ ਅਤੇ ਰਾਜਨੀਤਿਕ ਦੋਹਾਂ ਹੈ ਅਤੇ ਜਦੋਂ ਤੱਕ ਰਾਜਨੀਤਿਕ ਨੇਤ੍ਰਿਤਵ ਇਸ ਇਤਿਹਾਸਕ ਸੱਚ ਨੂੰ ਇਮਾਨਦਾਰੀ ਨਾਲ ਸਵੀਕਾਰ ਨਹੀਂ ਕਰਦਾ, ਭਰੋਸੇ ਦੀ ਪੁਨਰ ਸਥਾਪਨਾ ਅਸੰਭਵ ਰਹੇਗੀ। ਅੱਜ ਪੰਜਾਬ ਦੀਆਂ ਪਾਰਟੀਆਂ ਦਾ ਕਿਰਦਾਰ ਸੱਤਾ ਦਾ ਖੇਡ ਜਾਂ ਲੋਕ-ਸੇਵਾ ਦੇ ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਆਮ ਆਦਮੀ ਪਾਰਟੀ ਅਤੇ ਕਾਂਗਰਸ ਸਭ ਨੇ ਵੱਖ-ਵੱਖ ਦੌਰਾਂ ਵਿੱਚ ਸੱਤਾ ਸੰਭਾਲੀ ਹੈ। ਪਰ ਕੀ ਇਹਨਾਂ ਦੌਰਾਂ ਵਿੱਚ ਪੰਜਾਬ ਦੀ ਮੂਲ ਸਮੱਸਿਆਵਾਂ ਦਾ ਹੱਲ ਹੋਇਆ? ਕਿਸਾਨੀ ਸੰਕਟ ਹਾਲੇ ਵੀ ਜਾਰੀ ਹੈ।ਉਦਯੋਗਿਕ ਵਿਕਾਸ ਰੁਕਿਆ ਹੋਇਆ ਹੈ।ਨੌਜਵਾਨਾਂ ਦੀ ਮਾਈਗ੍ਰੇਸ਼ਨ ਵੱਧ ਰਹੀ ਹੈ।

ਨਸ਼ਾ ਸਮੱਸਿਆ ਇੱਕ ਕਾਲਾ ਸਾਇਆ ਬਣ ਚੁੱਕੀ ਹੈ। ਇਥੇ ਸੱਤਾ ਬਦਲਦੀ ਰਹੀ, ਪਰ ਨੀਤੀ ਨਹੀਂ ਬਦਲੀ। ਰਾਜਨੀਤਿਕ ਪਾਰਟੀਆਂ ਨੇ ਸਿਰਫ਼ ਇੱਕ ਦੂਜੇ ਦੀ ਆਲੋਚਨਾ ਕੀਤੀ; ਪਰ ਲੰਬੇ ਸਮੇਂ ਦੀ ਯੋਜਨਾ ਕਦੇ ਨਹੀਂ ਬਣਾਉਂਦੇ ਤਾਂ ਨੌਜਵਾਨ ਅਤੇ ਬੇਰੁਜ਼ਗਾਰੀ ਵਿਚ ਟੁੱਟਦਾ ਭਵਿੱਖ ਹੈ। ਪੰਜਾਬ ਦਾ ਨੌਜਵਾਨ ਅੱਜ ਸਭ ਤੋਂ ਵੱਡਾ ਪੀੜਤ ਹੈ। ਜਦੋਂ ਇੱਕ ਰਾਜ ਦਾ ਯੁਵਾ ਵਰਗ ਆਪਣੇ ਘਰ ਨੂੰ ਛੱਡ ਕੇ ਵਿਦੇਸ਼ ਜਾਣ ਲਈ ਮਜਬੂਰ ਹੋ ਜਾਵੇ ਤਾਂ ਇਹ ਸਿਰਫ਼ ਆਰਥਿਕ ਸੰਕਟ ਨਹੀਂ, ਇਹ ਰਾਜਨੀਤਿਕ ਨਾਕਾਮੀ ਹੈ।

ਸੰਵਿਧਾਨ ਦਾ ਡਾਇਰੈਕਟਿਵ ਪ੍ਰਿੰਸੀਪਲ (ਆਰਟੀਕਲ 39) ਰਾਜ ਨੂੰ ਇਹ ਦਿਸ਼ਾ ਦਿੰਦਾ ਹੈ ਕਿ ਉਹ ਲੋਕਾਂ ਨੂੰ ਰੋਜ਼ਗਾਰ ਅਤੇ ਸਮਾਨ ਮੌਕੇ ਪ੍ਰਦਾਨ ਕਰੇ। ਪਰ ਪੰਜਾਬ ਵਿੱਚ ਸਰਕਾਰੀ ਨੌਕਰੀਆਂ ਘੱਟਦੀਆਂ ਜਾ ਰਹੀਆਂ ਹਨ ਅਤੇ ਨਿੱਜੀ ਖੇਤਰ ਵਿੱਚ ਨਿਵੇਸ਼ ਥੰਮਿਆ ਹੋਇਆ ਹੈ।ਨੌਜਵਾਨਾਂ ਦੀ ਨਿਰਾਸ਼ਾ ਸਿਰਫ਼ ਬੇਰੁਜ਼ਗਾਰੀ ਨਹੀਂ ਪੈਦਾ ਕਰਦੀ; ਇਹ ਸਮਾਜਿਕ ਅਸਥਿਰਤਾ ਨੂੰ ਜਨਮ ਦਿੰਦੀ ਹੈ।

**ਅੱਜ ਸੱਭਿਆਚਾਰ ਅਤੇ ਪਹਿਚਾਣ: ਬਾਜ਼ਾਰਵਾਦ ਦਾ ਦਬਦਬਾ** ਪੰਜਾਬੀ ਸੱਭਿਆਚਾਰ ਅੱਜ ਇੱਕ ਮੋੜ 'ਤੇ ਖੜ੍ਹਾ ਹੈ। ਪੰਜਾਬੀ ਭਾਸ਼ਾ ਦੀ ਥਾਂ ਹਿੰਦੀ ਅਤੇ ਅੰਗਰੇਜ਼ੀ ਦਾ ਵਧਦਾ ਪ੍ਰਭਾਵ, ਮਿਊਜ਼ਿਕ ਵਿੱਚ ਹਿੰਸਕ ਅਤੇ ਭੋਗਵਾਦੀ ਰੁਝਾਨ ਅਤੇ ਪਿੰਡਾਂ ਦੀ ਸਮੂਹਕ ਸੰਸਕ੍ਰਿਤੀ ਦਾ ਖ਼ਾਤਮਾ—ਇਹ ਸਭ ਸੰਕੇਤ ਹਨ ਕਿ ਸੱਭਿਆਚਾਰਕ ਪਹਿਚਾਣ ਖ਼ਤਰੇ ਵਿੱਚ ਹੈ।

ਸੰਵਿਧਾਨ ਦਾ ਆਰਟੀਕਲ 29 ਸੱਭਿਆਚਾਰਕ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਪਰ ਜਦੋਂ ਰਾਜਨੀਤਿਕ ਪਾਰਟੀਆਂ ਖੁਦ ਸੱਭਿਆਚਾਰ ਨੂੰ ਸਿਰਫ਼ ਚੋਣੀ ਮੰਚ ਦਾ ਸਾਧਨ ਬਣਾ ਲੈਂਦੀਆਂ ਹਨ, ਤਾਂ ਉਹ ਇਸਦੀ ਰੱਖਿਆ ਕਿਵੇਂ ਕਰਨਗੀਆਂ? ਅੱਜ ਜਾਤੀ ਅਤੇ ਧਾਰਮਿਕ ਵੰਡ ਤੇ ਰਾਜਨੀਤੀ ਦਾ ਹਥਿਆਰ ਪੰਜਾਬ ਵਿੱਚ ਦਲਿਤ-ਜੱਟ ਵੰਡ ਅਤੇ ਧਾਰਮਿਕ ਰਾਜਨੀਤੀ ਨੇ ਸਮਾਜ ਨੂੰ ਕਮਜ਼ੋਰ ਕੀਤਾ ਹੈ। ਜਦੋਂ ਚੋਣਾਂ ਜਾਤੀ ਅੰਕੜਿਆਂ 'ਤੇ ਲੜੀਆਂ ਜਾਂਦੀਆਂ ਹਨ ਤਾਂ ਲੋਕਤੰਤਰ ਦੀ ਆਤਮਾ ਘਾਇਲ ਹੁੰਦੀ ਹੈ।

ਡਾਕਟਰ ਅੰਬੇਡਕਰ ਨੇ ਚੇਤਾਵਨੀ ਦਿੱਤੀ ਸੀ ਕਿ ਜੇਕਰ ਰਾਜਨੀਤਿਕ ਲੋਕਤੰਤਰ ਨੂੰ ਸਮਾਜਿਕ ਲੋਕਤੰਤਰ ਦਾ ਸਹਾਰਾ ਨਾ ਮਿਲੇ ਤਾਂ ਉਹ ਟਿਕ ਨਹੀਂ ਸਕਦਾ। ਪੰਜਾਬ ਵਿੱਚ ਇਹੀ ਹੋ ਰਿਹਾ ਹੈ—ਰਾਜਨੀਤਿਕ ਲੋਕਤੰਤਰ ਹੈ, ਪਰ ਸਮਾਜਿਕ ਏਕਤਾ ਕਮਜ਼ੋਰ ਹੋ ਰਹੀ ਹੈ।

ਅੱਜ ਬੌਧਿਕ ਨੇਤ੍ਰਿਤਵ ਦੀ ਕਮੀ ਹੈ। ਪਹਿਲਾਂ ਦੇ ਆਗੂਆਂ ਕੋਲ ਇੱਕ ਵਿਜ਼ਨ ਹੁੰਦਾ ਸੀ। ਉਹ ਸਿਰਫ਼ ਚੋਣਾਂ ਜਿੱਤਣ ਲਈ ਨਹੀਂ, ਸਮਾਜ ਨੂੰ ਬਦਲਣ ਲਈ ਰਾਜਨੀਤੀ ਕਰਦੇ ਸਨ। ਅੱਜ ਦੀ ਰਾਜਨੀਤੀ ਵਿੱਚ ਬੌਧਿਕਤਾ ਦੀ ਕਮੀ ਸਾਫ਼ ਦਿਖਦੀ ਹੈ। ਨੀਤੀਆਂ ਦੀ ਥਾਂ ਨਾਅਰੇ ਹਨ। ਵਿਚਾਰਧਾਰਾ ਦੀ ਥਾਂ ਤੁਰੰਤ ਲਾਭ ਹੈ।ਜਦੋਂ ਰਾਜਨੀਤਿਕ ਨੇਤ੍ਰਿਤਵ ਵਿਚਾਰਹੀਨ ਹੋ ਜਾਵੇ, ਤਾਂ ਰਾਜ ਦੀ ਦਿਸ਼ਾ ਵੀ ਅਸਪੱਸ਼ਟ ਹੋ ਜਾਂਦੀ ਹੈ।

ਅੱਜ ਲੋਕਾਂ ਦੀ ਭੂਮਿਕਾ 'ਤੇ ਚੁੱਪੀ ਦਾ ਖ਼ਤਰਾ ਵੱਧ ਗਿਆ ਹੈ।ਲੋਕਤੰਤਰ ਸਿਰਫ਼ ਨੇਤਾਵਾਂ ਨਾਲ ਨਹੀਂ ਬਣਦਾ; ਇਹ ਲੋਕਾਂ ਨਾਲ ਬਣਦਾ ਹੈ।ਜੇ ਲੋਕ ਸਵਾਲ ਪੁੱਛਣ ਬੰਦ ਕਰ ਦੇਣ, ਜੇ ਮੀਡੀਆ ਸੱਚ ਦੀ ਥਾਂ ਸਨਸਨੀਖੇਜ਼ੀ ਨੂੰ ਤਰਜੀਹ ਦੇਵੇ, ਜੇ ਬੁੱਧੀਜੀਵੀ ਖ਼ਾਮੋਸ਼ ਰਹਿਣ—ਤਾਂ ਲੋਕਤੰਤਰ ਖਾਲੀ ਖੋਖਲਾ ਬਣ ਜਾਂਦਾ ਹੈ।ਪੰਜਾਬ ਵਿੱਚ ਲੋਕਾਂ ਦੀ ਚੁੱਪੀ ਨੇ ਰਾਜਨੀਤਿਕ ਪਾਰਟੀਆਂ ਨੂੰ ਬੇਜ਼ਿੰਮੇਵਾਰ ਬਣਾਇਆ ਹੈ।

ਅੱਜ ਨਵੇਂ ਰਾਹ 'ਤੇ ਕੀ ਕਰਨਾ ਹੋਵੇਗਾ? ਸੰਵਿਧਾਨਕ ਸੁਚੇਤਨਾ ਦੀ ਲੋੜ - ਲੋਕਾਂ ਨੂੰ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਬਾਰੇ ਜਾਗਰੂਕ ਕਰਨਾ।ਰੋਜ਼ਗਾਰ ਕੇਂਦਰਿਤ ਨੀਤੀ - ਖੇਤੀ ਨਾਲ ਨਾਲ ਉਦਯੋਗ ਅਤੇ ਸਟਾਰਟਅਪ ਮਾਡਲ। ਸਿੱਖਿਆ ਵਿੱਚ ਸੁਧਾਰ - ਨੌਜਵਾਨਾਂ ਨੂੰ ਗਲੋਬਲ ਮੌਕਿਆਂ ਲਈ ਤਿਆਰ ਕਰਨਾ। ਸੱਭਿਆਚਾਰ ਦੀ ਰੱਖਿਆ - ਪੰਜਾਬੀ ਭਾਸ਼ਾ ਅਤੇ ਵਿਰਾਸਤ ਨੂੰ ਮਜ਼ਬੂਤ ਕਰਨਾ। ਨੈਤਿਕ ਰਾਜਨੀਤੀ - ਪਾਰਟੀਆਂ ਨੂੰ ਆਪਣੇ ਅੰਦਰੂਨੀ ਲੋਕਤੰਤਰ ਨੂੰ ਮਜ਼ਬੂਤ ਕਰਨਾ ਹੋਵੇਗਾ।

ਅੱਜ ਪੰਜਾਬ ਦੀ ਹੋਣੀ ਕਿਸ ਦੇ ਹੱਥ ਦੇ ਵਿੱਚ ਹੈ।ਪੰਜਾਬ ਦਾ ਸੰਕਟ ਸਿਰਫ਼ ਰਾਜਨੀਤਿਕ ਨਹੀਂ; ਇਹ ਨੈਤਿਕ ਅਤੇ ਦਰਸ਼ਨਿਕ ਸੰਕਟ ਹੈ।ਜਦੋਂ ਸੱਤਾ ਸੇਵਾ ਤੋਂ ਵੱਖ ਹੋ ਜਾਵੇ, ਜਦੋਂ ਸਮਾਜ ਸੱਭਿਆਚਾਰ ਤੋਂ ਕੱਟ ਜਾਵੇ, ਜਦੋਂ ਨੌਜਵਾਨ ਭਵਿੱਖ ਤੋਂ ਨਿਰਾਸ਼ ਹੋ ਜਾਵੇ—ਤਾਂ ਰਾਜ ਨੂੰ ਨਵੀਂ ਦਿਸ਼ਾ ਦੀ ਲੋੜ ਹੁੰਦੀ ਹੈ।

ਪੰਜਾਬ ਦੀ ਧਰਤੀ ਨੇ ਹਮੇਸ਼ਾ ਸੰਘਰਸ਼ ਕੀਤਾ ਹੈ। ਇਹ ਉਹ ਧਰਤੀ ਹੈ, ਜਿਸਨੇ ਅਨਿਆਇ ਦੇ ਖ਼ਿਲਾਫ਼ ਖੜ੍ਹਨਾ ਸਿਖਾਇਆ ਹੈ। ਅੱਜ ਵੀ ਲੋੜ ਹੈ ਇੱਕ ਨਵੇਂ ਸਮਾਜਿਕ ਸਬੰਧ ਦੀ—ਜਿੱਥੇ ਰਾਜਨੀਤੀ ਸੇਵਾ ਹੋਵੇ, ਸੰਵਿਧਾਨ ਮਾਰਗਦਰਸ਼ਕ ਹੋਵੇ ਅਤੇ ਲੋਕ ਜਾਗਰੂਕ ਹੋਣ। ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਸਿਰਫ਼ ਸਰਕਾਰਾਂ ਬਦਲਣ ਨਾਲ ਨਹੀਂ; ਸੋਚ ਬਦਲਣ ਨਾਲ ਹੋਵੇਗਾ।ਪੰਜਾਬ ਦਾ ਭਵਿੱਖ ਅਜੇ ਵੀ ਲਿਖਿਆ ਨਹੀਂ ਗਿਆ। ਉਹ ਲੋਕਾਂ ਦੀ ਜਾਗਰੂਕਤਾ, ਨੈਤਿਕਤਾ ਅਤੇ ਸੰਘਰਸ਼ ਨਾਲ ਲਿਖਿਆ ਜਾਵੇਗਾ।

# ਭਾਜਪਾ ਦੇ ਆਪ੍ਰੇਸ਼ਨ ਲੋਟਸ ਦਾ ਕੱਚ-ਸੱਚ



ਕਮਲਜੀਤ ਸਿੰਘ ਬਨਵੈਤ
98147 34035

- ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਲਾਏ ਦੋਸ਼ ਹਰਿਆਣਾ ਦੇ ਮੁੱਖ ਮੰਤਰੀ ਸਿੰਘ ਸੈਣੀ ਨੇ ਨਕਾਰੇ
- ਭਰਾਜ ਨੇ ਸੈਣੀ ਉੱਤੇ ਲਾਲਚ ਦੇ ਕੇ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜਨ ਦਾ ਲਾਇਆ ਸੀ ਇਲਜ਼ਾਮ
- ਭਾਰਤੀ ਜਨਤਾ ਪਾਰਟੀ ਦੇ ਪਹਿਲੇ ਆਪ੍ਰੇਸ਼ਨ ਲੋਟਸ ਖ਼ਿਲਾਫ਼ ਆਪ ਵੱਲੋਂ ਡੀਜੀਪੀ ਨੂੰ ਦਿੱਤੀ ਸ਼ਿਕਾਇਤ ਕਿੱਥੇ ਗਈ
- ਸ਼ੀਤਲ ਅੰਗਰਾਲ ਨੇ ਗੇਮ ਪਲਟੀ ਹੀ ਨਹੀਂ ਸਗੋਂ ਆਮ ਆਦਮੀ ਪਾਰਟੀ ਨੂੰ ਪਾ ਦਿੱਤਾ ਝੂਠਾ

ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਹੀ ਮੁਆਫ਼ੀ ਮੰਗ ਲੈਂਦਾ ਹਾਂ। ਮੈਨੂੰ ਸੱਚਮੁੱਚ ਸਿਆਸਤਦਾਨਾਂ ਵਾਸਤੇ ਰਾਜਨੀਤਿਕ ਪਾਰਟੀਆਂ ਲਈ ਫਾਸਟ ਫੂਡ ਦੇ ਖੋਖੇ ਲੱਗਣ ਲੱਗੇ ਹਨ। ਸਿਆਸੀ ਲੀਡਰ ਹਰੇਕ ਖੋਖੇ 'ਤੇ ਵਿਕ ਰਹੇ ਮਾਲ ਦਾ ਸਵਾਦ ਚੱਖਣ ਲੱਗੇ ਹਨ ਪਰ ਦਿਲ ਉਹਨਾਂ ਦਾ ਕਿਤੇ ਵੀ ਨਹੀਂ ਭਰਦਾ। ਕਦੇ ਕਦੇ ਤਾਂ ਮੈਨੂੰ ਇੰਝ ਵੀ ਲੱਗਣ ਲੱਗਦਾ ਹੈ ਜਿਵੇਂ ਸਿਆਸੀ ਪਾਰਟੀਆਂ ਹਾਈਵੇਅ 'ਤੇ ਚੱਲਦੇ ਢਾਬੇ ਬਣ ਗਏ ਹੋਣ। ਢਾਬਿਆਂ ਦੇ ਬਾਹਰ ਖੜ੍ਹੇ ਕੀਤੇ ਕਰਿੰਦੇ ਗਾਹਕਾਂ ਨੂੰ ਖਿੱਚਣ ਲਈ ਹਾਕਾਂ ਮਾਰ ਰਹੇ ਹੋਣ। ਇਹ ਵਰਤਾਰਾ ਕਿਸੇ ਇੱਕ ਪਾਰਟੀ ਦਾ ਨਹੀਂ ਸਗੋਂ ਆਵਾ ਹੀ ਊਤਿਆ ਪਿਆ ਹੈ।

ਕਈ ਚਿਰ ਪਹਿਲਾਂ ਭਾਰਤੀ ਜਨਤਾ ਪਾਰਟੀ ਦੇ ਅਪਰੇਸ਼ਨ ਲੋਟਸ ਦੀ ਚਰਚਾ ਸ਼ੁਰੂ ਹੋਈ ਸੀ। ਆਮ ਆਦਮੀ ਪਾਰਟੀ ਨੇ ਭਾਜਪਾ ਉੱਤੇ ਉਹਨਾਂ ਦੇ ਵਿਧਾਇਕ ਪੁੱਟਣ ਦੇ ਦੋਸ਼ ਲਾਏ ਸਨ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਵਿਧਾਇਕਾਂ ਦੇ ਇੱਕ ਵਫਦ ਨੇ ਪੰਜਾਬ ਦੇ ਪੁਲਿਸ ਮੁਖੀ ਗੌਰਵ ਯਾਦਵ ਨੂੰ ਇੱਕ ਸ਼ਿਕਾਇਤ ਵੀ ਦਿੱਤੀ ਸੀ। ਉਹ ਸ਼ਿਕਾਇਤ ਕਿੱਥੇ ਹੈ ਅੱਲ੍ਹਾ ਜਾਣੇ ਪਰ ਸਾਡਾ ਸਵਾਲ ਤਾਂ ਇਹ ਹੈ ਕਿ ਸੂਬੇ ਵਿੱਚ ਆਪਣੀ ਸਰਕਾਰ ਹੁੰਦਿਆਂ ਵੀ ਉਸ ਸ਼ਿਕਾਇਤ 'ਤੇ ਕਾਰਵਾਈ ਕਿਉਂ ਨਹੀਂ ਹੋਈ? ਕੀ ਇਹ ਸ਼ਿਕਾਇਤ ਫਰਜ਼ੀ ਸੀ ਜਾਂ ਭਾਜਪਾ ਨੂੰ ਬਦਨਾਮ ਕਰਨ ਦੀ ਇੱਕ ਚਾਲ। ਅਸੀਂ ਇਹ ਨਹੀਂ ਕਹਿੰਦੇ ਕਿ ਭਾਜਪਾ ਦੂਜੀਆਂ ਪਾਰਟੀਆਂ ਵਿੱਚੋਂ ਬੰਦੇ ਪੱਟ ਪੱਟ ਕੇ ਨਹੀਂ ਲਿਆ ਰਹੀ ਹੈ ਪਰ ਸਾਡਾ ਸਵਾਲ ਤਾਂ ਅਪਰੇਸ਼ਨ ਲੋਟਸ ਨੂੰ ਲੈ ਕੇ ਦਿੱਤੀ ਸ਼ਿਕਾਇਤ ਨਾਲ ਹੈ। ਉਸ ਤੋਂ ਵੀ ਵੱਡੀ ਹੈਰਾਨੀ ਇਹ ਕਿ ਭਾਰਤੀ ਜਨਤਾ ਪਾਰਟੀ ਦੇ ਜਲੰਧਰ ਦੇ ਜਿਸ ਵਿਧਾਇਕ ਸ਼ੀਤਲ ਅੰਗਰਾਲ ਨੇ ਸਭ ਤੋਂ ਵੱਡੇ ਦੋਸ਼ ਲਾਏ ਸਨ, ਉਹ ਆਪ ਹੀ ਆਮ ਆਦਮੀ ਪਾਰਟੀ ਨੂੰ ਛੱਡ ਗਿਆ। ਉਸ ਨੇ ਭਾਜਪਾ ਦਾ ਦਾਮਨ ਫੜ ਲਿਆ ਪਰ ਅੱਜ ਉਸ ਨੇ ਇੱਕ ਵੱਖਰੀ ਕਿਸਮ ਦਾ ਧਿਆਨ ਦਿੰਦਿਆਂ ਸਿਆਸਤ ਦਾ ਰਹਿੰਦਾ ਜਲੂਸ ਕੱਢ ਦਿੱਤਾ ਹੈ ਕਿ ਜਿਹੜੇ ਫ਼ੋਨ ਉਸਨੇ ਭਾਰਤੀ ਜਨਤਾ ਪਾਰਟੀ ਦੀ ਤਰਫੋਂ ਦੱਸੇ ਸਨ, ਉਹ ਤਾਂ ਉਸ ਦੀ ਆਪਣੀ ਪਾਰਟੀ ਵੱਲੋਂ ਹੀ ਫਰਜ਼ੀ ਕਾਲਾਂ ਕੀਤੀਆਂ ਗਈਆਂ ਸਨ। ਆਮ ਲੋਕ ਤਾਂ ਖ਼ੁਦ ਸ਼ਸ਼ੋਪੰਜ ਵਿੱਚ ਹਨ ਤੇ ਉਹ ਭਰੋਸਾ ਸ਼ੀਤਲ ਅੰਗਰਾਲ ਦੀ ਪਹਿਲੀ ਦਿੱਤੀ ਸ਼ਿਕਾਇਤ 'ਤੇ ਕਰਨ ਜਾਂ ਫਿਰ ਹੁਣ ਵਾਲੇ ਉੱਤੇ ਬਿਆਨ ਨੂੰ ਸੱਚ ਮੰਨਣ।

ਬੀਤੇ ਕੱਲ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਨਰਿੰਦਰ ਕੌਰ ਭਰਾਜ ਨੇ ਭਾਜਪਾ ਉੱਤੇ ਗੰਭੀਰ ਦੋਸ਼ ਲਾਇਆ ਕਿ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਉਹਨਾਂ ਨਾਲ ਸੰਪਰਕ ਕੀਤਾ ਤੇ ਬੰਦ ਕਮਰੇ ਵਿੱਚ ਮੀਟਿੰਗ ਕਰਨ ਸਮੇਤ ਭਾਜਪਾ ਦੀ ਟਿਕਟ ਦਿਵਾਉਣ ਅਤੇ ਮਨਮਾਨੀਆਂ ਸ਼ਰਤਾਂ ਪੂਰੀਆਂ ਕਰਨ ਦਾ ਵੱਡਾ ਆਫਰ ਦਿੱਤਾ। ਉਸ ਨੇ ਦੋਸ਼ ਲਾਇਆ ਕਿ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਉਸ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਅਤੇ ਨਾਲ ਹੀ ਸੰਗਰੂਰ ਤੋਂ ਭਾਜਪਾ ਦੀ ਟਿਕਟ ਦੇਣ ਦਾ ਲਾਲਚ ਦਿੱਤਾ ਗਿਆ। ਉਸ ਨੇ ਹਰਿਆਣਾ ਦੇ ਮੁੱਖ ਮੰਤਰੀ ਸੈਣੀ ਨੂੰ ਆਪਣੇ ਸੂਬੇ ਦੀ ਚਿੰਤਾ ਕਰਨ ਅਤੇ ਪੰਜਾਬ ਦਾ ਜ਼ਿਕਰ ਛੱਡ ਦੇਣ ਦੀ ਸਲਾਹ ਦਿੱਤੀ ਹੈ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਆਪ ਵਿਧਾਇਕਾ ਨਰਿੰਦਰ ਕੌਰ ਭਰਾਜ ਵੱਲੋਂ ਆਪਰੇਸ਼ਨ ਲੋਟਸ 'ਤੇ ਲਾਏ ਗਏ ਦੋਸ਼ਾਂ ਬਾਰੇ ਤਿੱਖਾ ਜਵਾਬ ਦਿੱਤਾ ਹੈ। ਉਹਨਾਂ ਕਿਹਾ ਕਿ ਇਹ ਸਾਰੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹਨ ਅਤੇ ਆਮ ਆਦਮੀ ਪਾਰਟੀ ਕੋਲ ਕੋਈ ਢੰਗ ਦਾ ਮਸਲਾ ਨਾ ਹੋਣ ਕਰਕੇ ਉਹ ਅਜਿਹੇ ਦੋਸ਼ ਲਾ ਕੇ ਸੁਰਖੀਆਂ ਵਿੱਚ ਰਹਿਣ ਦੀ ਕੋਸ਼ਿਸ਼ ਕਰ ਰਹੀ ਹੈ। ਉਹਨਾਂ ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ ਉਹ ਕਿਸੇ ਭਰਾਜ ਨੂੰ ਨਹੀਂ ਜਾਣਦੇ ਹਨ। ਵੈਸੇ ਭਾਜਪਾ ਕੋਲੇ ਸੰਗਰੂਰ ਵਿੱਚ ਅਰਵਿੰਦ ਖੰਨਾ ਜਿਹਾ ਧਨਾਢ ਉਮੀਦਵਾਰ ਬੈਠਾ ਹੈ।

ਪ੍ਰੈਸ ਕਾਨਫਰੰਸ ਵਿੱਚ ਮੌਜੂਦ ਆਪ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਭਾਜਪਾ 'ਤੇ ਆਪਰੇਸ਼ਨ ਲੋਟਸ ਰਾਹੀਂ ਲੋਕਤੰਤਰ ਦਾ ਘਾਣ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਹੈ। ਨੇ ਕਿਹਾ ਕਿ ਭਾਜਪਾ ਭੁੱਲ ਜਾਂਦੀ ਹੈ ਕਿ ਪੰਜਾਬੀ ਆਪਣੀ ਅਣਖ ਲਈ ਜਾਣੇ ਜਾਂਦੇ ਹਨ ਨਾ ਕਿ ਵਿਕਣ ਲਈ। ਪੰਜਾਬ ਭਾਜਪਾ ਦੇ ਵਰਕਿੰਗ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਵੀ ਮੋੜਵਾਂ ਜਵਾਬ ਦਿੱਤਾ ਹੈ।

ਪਾਰਟੀਆਂ ਬਦਲਣ ਦੀ ਚੱਲ ਰਹੀ ਖੇਡ ਦੀ ਗੱਲ ਕਰੀਏ ਤਾਂ ਸਿਆਸਤਦਾਨਾਂ ਦੀ ਜ਼ਮੀਰ ਮਰ ਗਈ ਲੱਗਦੀ ਹੈ। ਹੁਣ ਪਾਰਟੀ ਬਦਲਣ ਵੇਲੇ ਗੱਲ ਲੈਣ ਦੇਣ 'ਤੇ ਮੁੱਕਦੀ ਹੈ, ਸਾਡੇ ਰਾਜਨੀਤਿਕ ਨੇਤਾ ਜਿਨ੍ਹਾਂ ਵਿਰੋਧੀ ਨੇਤਾਵਾਂ ਨੂੰ ਰਾਤ ਵੇਲੇ ਪਾਣੀ ਪੀ ਪੀ ਕੇ ਕੋਸਦੇ ਹਨ, ਅਗਲੀ ਸਵੇਰ ਉਹਨਾਂ ਨਾਲ ਜੱਫੀਆਂ ਪੈਂਦੀਆਂ ਦੇਖੀਆਂ ਜਾਂਦੀਆਂ ਹਨ। ਹੈਰਾਨੀ ਤਾਂ ਸੂਬੇ ਦੀਆਂ ਇਨਾਂ ਜ਼ਿਮਨੀ ਚੋਣਾਂ ਵੇਲੇ ਦੇਖਣ ਨੂੰ ਮਿਲੀ, ਜਦੋਂ ਕਈ ਉਮੀਦਵਾਰ ਆਪਣੀ ਪਿੱਤਰੀ ਪਾਰਟੀ ਵਿੱਚ ਰਹਿੰਦਿਆਂ ਵਿਧਾਨ ਸਭਾ ਦੀ 2022 ਦੀ ਚੋਣ ਹਾਰ ਗਏ ਸਨ ਪਰ ਸੱਤਾਧਾਰੀ ਪਾਰਟੀ ਦੀ ਟਿਕਟ ਮਿਲਣ ਤੋਂ ਬਾਅਦ ਜਿੱਤ ਗਏ।

ਧੰਨ ਹਨ ਮੇਰੇ ਸੂਬੇ ਦੇ ਲੋਕ ਜਿਹੜੇ ਬੜੀ ਵਾਰ ਚੜ੍ਹਦੇ ਸੂਰਜ ਨੂੰ ਸਲਾਮ ਕਰ ਜਾਂਦੇ ਹਨ। ਮੰਨਿਆ ਕਿ ਲੋਕ ਸ਼੍ਰੋਮਣੀ ਅਕਾਲੀ ਦਲ ਤੋਂ ਦੂਰ ਜਾ ਚੁੱਕੇ ਹਨ, ਕਾਂਗਰਸ ਦੀ ਆਪਸੀ ਲੜਾਈ ਤੋਂ ਦੁਖੀ ਹਨ, ਭਾਜਪਾ ਤੋਂ ਹਾਲੇ ਭਰੋਸਾ ਨਹੀਂ ਬਣਦਾ ਪਰ ਪਾਰਟੀ ਬਦਲਣ ਨਾਲ ਬੰਦੇ 'ਤੇ ਵਿਸ਼ਵਾਸ ਕਿਵੇਂ ਬਣਨ ਲੱਗ ਜਾਂਦਾ ਹੈ। ਮੇਰੇ ਦੇਸ਼ ਅਤੇ ਮੁਲਕ ਦੀ ਸਿਆਸਤ ਦਾ ਰੱਬ ਹੀ ਰਾਖਾ। ਪਰ ਸਾਨੂੰ ਵੋਟਰਾਂ ਅਤੇ ਰਾਜਨੀਤਿਕ ਲੀਡਰਾਂ ਨੂੰ ਇੱਕ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਅਸੀਂ ਬਹੁਤ ਔਖੇ ਸਮੇਂ ਵਿੱਚੋਂ ਗੁਜ਼ਰ ਰਹੇ ਹਾਂ। ਅਗਲੇ ਦਿਨ ਹੀ ਆਉਣ ਵਾਲਾ ਸਮਾਂ ਹੋਰ ਵੀ ਸਤਾਉਣ ਲੱਗਾ ਹੈ। ਨਾ ਬਦਲੇ ਤਾਂ ਬਹੁਤ ਦੇਰ ਹੋ ਚੁੱਕੀ ਹੋਵੇਗੀ।



ਵਿੰਕਲਜੀਤ ਸਿੰਘ ਸਰਾ
9501477889

# ਹਰਿਆਣਾ ਵਿੱਚ ਪੰਜਾਬੀ ਭਾਸ਼ਾ ਅਤੇ ਲੇਖਕਾਂ ਦੀ ਸਥਿਤੀ: ਚੁਣੌਤੀਆਂ, ਸੰਘਰਸ਼ ਅਤੇ ਭਵਿੱਖ

**ਭਾਸ਼ਾ ਸਿਰਫ਼ ਸੰਚਾਰ ਨਹੀਂ, ਇੱਕ ਹੋਂਦ** : ਭਾਸ਼ਾ ਸਿਰਫ਼ ਸੰਚਾਰ ਦਾ ਸਾਧਨ ਨਹੀਂ ਹੁੰਦੀ ਇਹ ਕਿਸੇ ਵੀ ਸਮਾਜ ਦੀ ਆਤਮਾ, ਉਸਦੀ ਸੰਸਕ੍ਰਿਤੀ, ਇਤਿਹਾਸ, ਸੋਚ ਅਤੇ ਸਾਂਝੀ ਯਾਦ ਦਾ ਪ੍ਰਤੀਕ ਹੁੰਦੀ ਹੈ। ਪੰਜਾਬੀ ਭਾਸ਼ਾ ਸੰਸਾਰ ਦੀਆਂ ਪ੍ਰਾਚੀਨ ਅਤੇ ਸਮ੍ਰਿੱਧ ਭਾਸ਼ਾਵਾਂ ਵਿੱਚੋਂ ਇੱਕ ਹੈ, ਜਿਸਦਾ ਸਾਹਿਤਿਕ ਖਜ਼ਾਨਾ ਬੇਅੰਤ ਹੈ। ਗੁਰਬਾਣੀ ਦੇ ਅਧਿਆਤਮਿਕ ਸੰਦੇਸ਼ਾਂ ਤੋਂ ਲੈ ਕੇ ਆਧੁਨਿਕ ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਤੱਕ, ਪੰਜਾਬੀ ਸਾਹਿਤ ਨੇ ਮਨੁੱਖੀ ਅਨੁਭਵ ਦੇ ਹਰ ਬਾਰੀਕ ਪੱਖ ਨੂੰ ਛੂਹਿਆ ਹੈ।

ਪਰ ਜਦੋਂ ਕੋਈ ਭਾਸ਼ਾ ਆਪਣੇ ਕੁਦਰਤੀ ਭੂਗੋਲਿਕ ਘੇਰੇ ਤੋਂ ਬਾਹਰ ਜਾਂਦੀ ਹੈ ਜਾਂ ਰਾਜਸੀ-ਪ੍ਰਸ਼ਾਸਕੀ ਵੰਡਾਂ ਕਾਰਨ ਨਵੀਆਂ ਸਰਹੱਦਾਂ ਵਿੱਚ ਘਿਰ ਜਾਂਦੀ ਹੈ, ਤਾਂ ਉਸ ਦੇ ਸਾਹਮਣੇ ਵਜੂਦ ਦੀਆਂ ਨਵੀਆਂ ਚੁਣੌਤੀਆਂ ਖੜ੍ਹੀਆਂ ਹੋ ਜਾਂਦੀਆਂ ਹਨ। ਹਰਿਆਣਾ ਵਿੱਚ ਪੰਜਾਬੀ ਭਾਸ਼ਾ ਅਤੇ ਪੰਜਾਬੀ ਲੇਖਕਾਂ ਦੀ ਮੌਜੂਦਾ ਸਥਿਤੀ ਇਸੇ ਗੁੰਝਲਦਾਰ ਵਰਤਾਰੇ ਦੀ ਇੱਕ ਪ੍ਰਤੱਖ ਉਦਾਹਰਣ ਹੈ। ਹਰਿਆਣਾ ਵਿੱਚ ਪੰਜਾਬੀ ਬੋਲਣ ਵਾਲੀ ਇੱਕ ਵਿਸ਼ਾਲ ਅਬਾਦੀ ਵਸਦੀ ਹੈ, ਜਿਨ੍ਹਾਂ ਨੇ ਆਪਣੀ ਮਿਹਨਤ ਨਾਲ ਇਸ ਰਾਜ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾਇਆ ਹੈ ਪਰ ਇਸ ਦੇ ਬਾਵਜੂਦ ਪੰਜਾਬੀ ਭਾਸ਼ਾ ਨੂੰ ਉਹ ਸੰਵਿਧਾਨਕ ਅਤੇ ਪ੍ਰਸ਼ਾਸਕੀ ਰੁਤਬਾ ਨਹੀਂ ਮਿਲ ਸਕਿਆ, ਜਿਸ ਦੀ ਉਹ ਹੱਕਦਾਰ ਸੀ।

**ਇਤਿਹਾਸਕ ਪਿਛੋਕੜ: ਵੰਡ ਦੇ ਜ਼ਖ਼ਮ ਅਤੇ ਨਵੀਆਂ ਬਸਤੀਆਂ** : 1947 ਦੀ ਦੇਸ਼ ਵੰਡ ਮਨੁੱਖੀ ਇਤਿਹਾਸ ਦਾ ਸਭ ਤੋਂ ਦੁਖਦਾਈ ਅਧਿਆਇ ਸੀ। ਇਸ ਵੰਡ ਨੇ ਨਾ ਸਿਰਫ਼ ਜ਼ਮੀਨਾਂ ਵੰਡੀਆਂ, ਸਗੋਂ ਪੰਜਾਬੀ ਮਨ ਅਤੇ ਭਾਸ਼ਾ ਨੂੰ ਵੀ ਦੋਫਾੜ ਕਰ ਦਿੱਤਾ। ਪੱਛਮੀ ਪੰਜਾਬ (ਪਾਕਿਸਤਾਨ) ਤੋਂ ਉਜੜ ਕੇ ਆਏ ਲੱਖਾਂ ਪੰਜਾਬੀ ਹਿੰਦੂ ਅਤੇ ਸਿੱਖ ਪਰਿਵਾਰਾਂ ਨੇ ਮੌਜੂਦਾ ਹਰਿਆਣਾ ਦੇ ਵੱਖ-ਵੱਖ ਜ਼ਿਲ੍ਹਿਆਂ ਰੋਹਤਕ, ਅੰਬਾਲਾ, ਕੁਰੂਕਸ਼ੇਤਰ, ਕਰਨਾਲ, ਕੈਥਲ, ਪੰਚਕੂਲਾ, ਫਰੀਦਾਬਾਦ ਅਤੇ ਗੁਰੂਗ੍ਰਾਮ ਨੂੰ ਆਪਣਾ ਨਵਾਂ ਘਰ ਬਣਾਇਆ। ਇਨ੍ਹਾਂ ਪਰਿਵਾਰਾਂ ਦੇ ਆਉਣ ਨਾਲ ਹਰਿਆਣਾ ਦੀ ਧਰਤੀ 'ਤੇ ਪੰਜਾਬੀ ਸੱਭਿਆਚਾਰ ਦੀਆਂ ਜੜ੍ਹਾਂ ਡੂੰਘੀਆਂ ਹੋਈਆਂ।

ਸਾਲ 1966 ਵਿੱਚ ਜਦੋਂ ਪੰਜਾਬ ਦੀ ਮੁੜ-ਵੰਡ ਹੋਈ ਅਤੇ ਹਰਿਆਣਾ ਇੱਕ ਵੱਖਰੇ ਰਾਜ ਵਜੋਂ ਹੋਂਦ ਵਿੱਚ ਆਇਆ ਤਾਂ ਸਿਆਸੀ ਸਮੀਕਰਨ ਬਦਲ ਗਏ। ਨਵੇਂ ਬਣੇ ਰਾਜ ਵਿੱਚ ਹਿੰਦੀ ਨੂੰ ਪ੍ਰਮੁੱਖ ਸਰਕਾਰੀ ਭਾਸ਼ਾ ਵਜੋਂ ਅਪਣਾਇਆ ਗਿਆ। ਹਾਲਾਂਕਿ ਪੰਜਾਬੀ ਭਾਸ਼ਾ ਭਾਰਤੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿੱਚ ਦਰਜ ਹੈ ਪਰ ਹਰਿਆਣਾ ਵਿੱਚ ਇਸ ਨੂੰ ਲੰਮੇ ਸਮੇਂ ਤੱਕ ਅਣਗੌਲਿਆ ਕੀਤਾ ਗਿਆ। ਬੰਸੀ ਲਾਲ ਵਰਗੇ ਮੁੱਖ ਮੰਤਰੀਆਂ ਦੇ ਦੌਰ ਵਿੱਚ ਤਮਿਲ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣਾ ਪੰਜਾਬੀ ਭਾਸ਼ਾ ਨਾਲ ਕੀਤੇ ਗਏ ਰਾਜਸੀ ਵਿਤਕਰੇ ਦੀ ਇੱਕ ਵੱਡੀ ਮਿਸਾਲ ਹੈ। ਇਹ ਮਾਨਸਿਕਤਾ ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਲਈ ਹਮੇਸ਼ਾ ਚਿੰਤਾ ਦਾ ਵਿਸ਼ਾ ਰਹੀ ਹੈ।

**ਹਰਿਆਣਾ ਵਿੱਚ ਪੰਜਾਬੀ ਭਾਸ਼ਾ ਦੀ ਮੌਜੂਦਾ ਹਾਲਤ** : ਅੱਜ ਹਰਿਆਣਾ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਲੱਖਾਂ ਵਿੱਚ ਹੈ। ਸ਼ਹਿਰੀ ਖੇਤਰਾਂ ਵਿੱਚ ਪੰਜਾਬੀ ਅਜੇ ਵੀ ਗੱਲਬਾਤ ਦੀ ਮੁੱਖ ਭਾਸ਼ਾ ਹੈ। ਧਾਰਮਿਕ ਅਦਾਰੇ, ਗੁਰਦੁਆਰਾ ਸਾਹਿਬਾਨ ਅਤੇ ਸੱਭਿਆਚਾਰਕ ਸੰਸਥਾਵਾਂ ਨੇ ਪੰਜਾਬੀ ਨੂੰ ਜਿਉਂਦਾ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਪਰ ਜੇਕਰ ਅਕਾਦਮਿਕ ਅਤੇ ਪ੍ਰਸ਼ਾਸਕੀ ਪੱਖ ਤੋਂ ਦੇਖੀਏ, ਤਾਂ ਤਸਵੀਰ ਕਾਫੀ ਧੁੰਦਲੀ ਹੈ:

**ਸਿੱਖਿਆ ਵਿੱਚ ਗਿਰਾਵਟ:** ਸਰਕਾਰੀ ਸਕੂਲਾਂ ਵਿੱਚ ਪੰਜਾਬੀ ਵਿਸ਼ੇ ਵਜੋਂ ਤਾਂ ਮੌਜੂਦ ਹੈ ਪਰ ਅਧਿਆਪਕਾਂ ਦੀਆਂ ਹਜ਼ਾਰਾਂ ਪੋਸਟਾਂ ਖਾਲੀ ਪਈਆਂ ਹਨ। ਵਿਦਿਆਰਥੀ ਪੰਜਾਬੀ ਪੜ੍ਹਨਾ ਚਾਹੁੰਦੇ ਹਨ ਪਰ ਸਾਧਨਾਂ ਦੀ ਘਾਟ ਉਨ੍ਹਾਂ ਨੂੰ ਹਿੰਦੀ ਜਾਂ ਸੰਸਕ੍ਰਿਤ ਵੱਲ ਮੋੜ ਦਿੰਦੀ ਹੈ।

**ਰੋਜ਼ਗਾਰ ਨਾਲ ਨਾ ਜੁੜਨਾ:** ਨਵੀਂ ਪੀੜ੍ਹੀ ਨੂੰ ਲੱਗਦਾ ਹੈ ਕਿ ਪੰਜਾਬੀ ਪੜ੍ਹ ਕੇ ਉਨ੍ਹਾਂ ਨੂੰ ਹਰਿਆਣਾ ਵਿੱਚ ਸਰਕਾਰੀ ਨੌਕਰੀਆਂ ਨਹੀਂ ਮਿਲਣਗੀਆਂ। ਇਸ ਆਰਥਿਕ ਅਸੁਰੱਖਿਆ ਨੇ ਭਾਸ਼ਾ ਦੇ ਅਕਾਦਮਿਕ ਪਸਾਰ ਨੂੰ ਰੋਕ ਦਿੱਤਾ ਹੈ।

**ਸੱਭਿਆਚਾਰਕ ਖੋਰਾ:** ਪੰਜਾਬੀ ਸੰਗੀਤ ਅਤੇ ਪੌਪ-ਕਲਚਰ ਨੇ ਪੰਜਾਬੀ ਨੂੰ ਗਲੈਮਰ ਤਾਂ ਦਿੱਤਾ ਹੈ, ਪਰ ਸਾਹਿਤਕ ਅਤੇ ਗੰਭੀਰ ਪੰਜਾਬੀ ਪੜ੍ਹਨ ਵਾਲੇ ਪਾਠਕਾਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ।

**ਸਾਹਿਤਕ ਅਕਾਦਮੀਆਂ: ਮਦਦਗਾਰ ਜਾਂ ਮੂਕ ਦਰਸ਼ਕ ?** ਹਰਿਆਣਾ ਸਰਕਾਰ ਨੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪਸਾਰ ਲਈ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ ਕੀਤੀ ਹੈ। ਨਿਰਸੰਦੇਹ, ਅਕਾਦਮੀ ਨੇ ਸ਼ਬਦ ਬੂੰਦ ਵਰਗੇ ਰਸਾਲਿਆਂ ਰਾਹੀਂ ਅਤੇ ਸਾਲਾਨਾ ਇਨਾਮਾਂ ਰਾਹੀਂ ਲੇਖਕਾਂ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪਰ ਲੇਖਕਾਂ ਦਾ ਇੱਕ ਵੱਡਾ ਵਰਗ ਇਸ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹੈ।

**ਇਸ ਦੇ ਮੁੱਖ ਕਾਰਨ ਹਨ:**

**ਸਿਆਸੀ ਦਖ਼ਲਅੰਦਾਜ਼ੀ:** ਅਕਾਦਮੀਆਂ ਵਿੱਚ ਅਹੁਦਿਆਂ ਦੀ ਵੰਡ ਅਕਸਰ ਸਾਹਿਤਕ ਯੋਗਤਾ ਦੀ ਬਜਾਏ ਸਿਆਸੀ ਵਫ਼ਾਦਾਰੀ ਦੇ ਆਧਾਰ 'ਤੇ ਹੁੰਦੀ ਹੈ।

**ਬਜਟ ਦੀ ਘਾਟ:** ਦੂਜੀਆਂ ਅਕਾਦਮੀਆਂ ਦੇ ਮੁਕਾਬਲੇ ਪੰਜਾਬੀ ਅਕਾਦਮੀ ਨੂੰ ਮਿਲਣ ਵਾਲਾ ਫੰਡ ਨਿਗੂਣਾ ਹੈ।

**ਪਾਰਦਰਸ਼ਤਾ ਦੀ ਕਮੀ:** ਇਨਾਮਾਂ ਅਤੇ ਸਨਮਾਨਾਂ ਦੀ ਚੋਣ ਪ੍ਰਕਿਰਿਆ ਅਕਸਰ ਵਿਵਾਦਾਂ ਵਿੱਚ ਰਹਿੰਦੀ ਹੈ, ਜਿਸ ਕਾਰਨ ਅਸਲ ਅਤੇ ਸਿਰੜੀ ਲੇਖਕ ਖ਼ੁਦ ਨੂੰ ਅਲੱਗ-ਥਲੱਗ ਮਹਿਸੂਸ ਕਰਦੇ ਹਨ।

**ਪੰਜਾਬੀ ਲੇਖਕਾਂ ਦੀਆਂ ਦਰਪੇਸ਼ ਮੁਸ਼ਕਲਾਂ** : ਹਰਿਆਣਾ ਵਿੱਚ ਰਹਿ ਕੇ ਪੰਜਾਬੀ ਵਿੱਚ ਸਾਹਿਤ ਸਿਰਜਣਾ ਕਰਨਾ ਲੋਹੇ ਦੇ ਚਣੇ ਚੱਬਣ ਸਮਾਨ ਹੈ। ਇੱਕ ਪੰਜਾਬੀ ਲੇਖਕ ਨੂੰ ਕਈ ਮੋਰਚਿਆਂ 'ਤੇ ਲੜਨਾ ਪੈਂਦਾ ਹੈ:

**ਪ੍ਰਕਾਸ਼ਨ ਦਾ ਸੰਕਟ:** ਹਰਿਆਣਾ ਵਿੱਚ ਪੰਜਾਬੀ ਪੁਸਤਕਾਂ ਛਾਪਣ



ਵਾਲੇ ਮਿਆਰੀ ਪ੍ਰਕਾਸ਼ਕ ਨਾ ਦੇ ਬਰਾਬਰ ਹਨ। ਲੇਖਕਾਂ ਨੂੰ ਆਪਣੀ ਜੇਬ ਵਿੱਚੋਂ ਪੈਸੇ ਖਰਚ ਕੇ ਕਿਤਾਬਾਂ ਛਪਵਾਉਣੀਆਂ ਪੈਂਦੀਆਂ ਹਨ।

**ਮਾਰਕੀਟ ਅਤੇ ਵੰਡ ਪ੍ਰਣਾਲੀ:** ਕਿਤਾਬ ਛਪ ਜਾਣ ਤੋਂ ਬਾਅਦ ਉਸ ਨੂੰ ਪਾਠਕਾਂ ਤੱਕ ਪਹੁੰਚਾਉਣਾ ਇੱਕ ਵੱਡੀ ਚੁਣੌਤੀ ਹੈ। ਕਿਤਾਬਾਂ ਦੀਆਂ ਦੁਕਾਨਾਂ 'ਤੇ ਪੰਜਾਬੀ ਕਿਤਾਬਾਂ ਲਈ ਕੋਈ ਵਿਸ਼ੇਸ਼ ਸਥਾਨ ਨਹੀਂ ਹੁੰਦਾ।

**ਆਲੋਚਨਾ ਦੀ ਘਾਟ:** ਹਰਿਆਣਾ ਦੇ ਪੰਜਾਬੀ ਸਾਹਿਤ ਨੂੰ ਅਕਸਰ ਪੰਜਾਬ (ਚੜ੍ਹਦੇ ਪੰਜਾਬ) ਦੇ ਸਾਹਿਤਕ ਹਲਕਿਆਂ ਵਿੱਚ ਉਹ ਮਾਨਤਾ ਨਹੀਂ ਮਿਲਦੀ, ਜਿਸ ਦਾ ਉਹ ਹੱਕਦਾਰ ਹੈ। ਇਸ ਨੂੰ ਪੱਛੜਿਆ ਜਾਂ ਸਥਾਨਕ ਕਹਿ ਕੇ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ।

**ਪਾਠਕਾਂ ਦੀ ਘਾਟ:** ਟੈਲੀਵਿਜ਼ਨ ਅਤੇ ਮੋਬਾਈਲ ਦੇ ਯੁੱਗ ਵਿੱਚ ਗੰਭੀਰ ਸਾਹਿਤ ਪੜ੍ਹਨ ਵਾਲੀ ਪੀੜ੍ਹੀ ਖ਼ਤਮ ਹੋ ਰਹੀ ਹੈ। ਜਦੋਂ ਪਾਠਕ ਹੀ ਨਹੀਂ ਹੋਵੇਗਾ ਤਾਂ ਲੇਖਕ ਦਾ ਉਤਸ਼ਾਹ ਕੁਦਰਤੀ ਤੌਰ 'ਤੇ ਘਟੇਗਾ।

**ਸੰਘਰਸ਼ ਅਤੇ ਜਾਗਰੂਕਤਾ: ਹੱਕਾਂ ਦੀ ਲੜਾਈ** : ਹਰਿਆਣਾ ਦੇ ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਨੇ ਹਮੇਸ਼ਾ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਹੈ। ਸਾਲ 2010 ਵਿੱਚ ਲੰਮੇ ਸੰਘਰਸ਼ ਤੋਂ ਬਾਅਦ ਪੰਜਾਬੀ ਨੂੰ ਹਰਿਆਣਾ ਦੀ ਦੂਜੀ ਸਰਕਾਰੀ ਭਾਸ਼ਾ ਦਾ ਦਰਜਾ ਮਿਲਿਆ। ਇਹ ਇੱਕ ਇਤਿਹਾਸਕ ਜਿੱਤ ਸੀ ਪਰ ਇਹ ਸਿਰਫ਼ ਕਾਗਜ਼ਾਂ ਤੱਕ ਸੀਮਿਤ ਰਹਿ ਗਈ।

ਲੇਖਕ ਜਥੇਬੰਦੀਆਂ ਜਿਵੇਂ ਕਿ ਹਰਿਆਣਾ ਪੰਜਾਬੀ ਲੇਖਕ ਸਭਾ ਅਤੇ ਹੋਰ ਸਥਾਨਕ ਇਕਾਈਆਂ ਲਗਾਤਾਰ ਮੰਗ ਕਰ ਰਹੀਆਂ ਹਨ ਕਿ: ਸਰਕਾਰੀ ਦਫ਼ਤਰਾਂ ਵਿੱਚ ਪੰਜਾਬੀ ਵਿੱਚ ਅਰਜ਼ੀਆਂ ਸਵੀਕਾਰ ਕੀਤੀਆਂ ਜਾਣ। ਸੜਕਾਂ ਦੇ ਨਾਮ ਅਤੇ ਬੋਰਡ ਪੰਜਾਬੀ ਵਿੱਚ ਵੀ ਲਿਖੇ ਜਾਣ। ਸਕੂਲਾਂ ਵਿੱਚ ਪੰਜਾਬੀ ਅਧਿਆਪਕਾਂ ਦੀ ਤੁਰੰਤ ਭਰਤੀ ਕੀਤੀ ਜਾਵੇ।

**ਸਿੱਖਿਆ ਅਤੇ ਭਵਿੱਖ ਦੀ ਰਣਨੀਤੀ** : ਜੇਕਰ ਅਸੀਂ ਚਾਹੁੰਦੇ ਹਾਂ ਕਿ ਹਰਿਆਣਾ ਵਿੱਚ ਪੰਜਾਬੀ ਦਾ ਭਵਿੱਖ ਉਜਲਾ ਹੋਵੇ ਤਾਂ ਸਾਨੂੰ ਜੜ੍ਹਾਂ ਵੱਲ ਮੁੜਨਾ ਪਵੇਗਾ। ਸਿੱਖਿਆ ਹੀ ਉਹ ਮਾਧਿਅਮ ਹੈ ਜੋ ਭਾਸ਼ਾ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾ ਸਕਦਾ ਹੈ।

**ਲਾਜ਼ਮੀ ਸਿੱਖਿਆ:** ਘੱਟੋ-ਘੱਟ ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਪੰਜਾਬੀ ਅਬਾਦੀ 10% ਤੋਂ ਵੱਧ ਹੈ, ਉੱਥੇ ਪੰਜਾਬੀ ਨੂੰ ਇੱਕ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇ।

**ਯੂਨੀਵਰਸਿਟੀਆਂ ਦੀ ਭੂਮਿਕਾ:** ਕੁਰੂਕਸ਼ੇਤਰ ਯੂਨੀਵਰਸਿਟੀ ਅਤੇ ਹੋਰ ਖੇਤਰੀ ਯੂਨੀਵਰਸਿਟੀਆਂ ਵਿੱਚ ਪੰਜਾਬੀ ਵਿਭਾਗਾਂ ਨੂੰ ਹੋਰ ਸਰਗਰਮ ਕਰਨ ਦੀ ਲੋੜ ਹੈ। ਖੋਜ ਕਾਰਜਾਂ ਲਈ ਵਿਸ਼ੇਸ਼ ਗ੍ਰਾਂਟਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

**ਬਾਲ ਸਾਹਿਤ:** ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਲਈ ਦਿਲਚਸਪ ਬਾਲ ਸਾਹਿਤ ਅਤੇ ਕਾਰਟੂਨ ਮੈਗਜ਼ੀਨ ਪੰਜਾਬੀ ਵਿੱਚ ਤਿਆਰ ਕੀਤੇ ਜਾਣੇ ਚਾਹੀਦੇ ਹਨ।

**ਡਿਜ਼ੀਟਲ ਕ੍ਰਾਂਤੀ: ਇੱਕ ਨਵੀਂ ਉਮੀਦ** : ਅੱਜ ਦਾ ਯੁੱਗ ਡਿਜ਼ੀਟਲ ਹੈ। ਪੰਜਾਬੀ ਲੇਖਕਾਂ ਨੂੰ ਹੁਣ ਸਿਰਫ਼ ਕਾਗਜ਼ ਅਤੇ ਕਲਮ ਤੱਕ ਸੀਮਿਤ ਨਹੀਂ ਰਹਿਣਾ ਚਾਹੀਦਾ।

**ਸੋਸ਼ਲ ਮੀਡੀਆ:** ਫੇਸਬੁੱਕ, ਇੰਸਟਾਗ੍ਰਾਮ ਅਤੇ ਯੂਟਿਊਬ ਰਾਹੀਂ ਲੇਖਕ ਆਪਣੀਆਂ ਰਚਨਾਵਾਂ ਸਿੱਧੀਆਂ ਪਾਠਕਾਂ ਤੱਕ ਪਹੁੰਚਾ ਸਕਦੇ ਹਨ।

**ਈ-ਬੁੱਕਸ ਅਤੇ ਆਡੀਓ ਬੁੱਕਸ:** ਕਿਉਂਕਿ ਕਿਤਾਬਾਂ ਦੀ ਵੰਡ ਵਿੱਚ ਸਮੱਸਿਆ ਹੈ, ਇਸ ਲਈ ਕਿੰਡਲ ਜਾਂ ਹੋਰ ਪਲੇਟਫਾਰਮਾਂ 'ਤੇ ਈ-ਬੁੱਕਸ ਲਾਂਚ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

**ਪੰਜਾਬੀ ਬਲੌਗਿੰਗ:** ਨੌਜਵਾਨ ਲੇਖਕਾਂ ਨੂੰ ਪੰਜਾਬੀ ਵਿੱਚ ਬਲੌਗ ਲਿਖਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਜੋ ਇੰਟਰਨੈੱਟ 'ਤੇ ਪੰਜਾਬੀ ਸਮੱਗਰੀ ਦਾ ਭੰਡਾਰ ਵੱਧ ਸਕੇ।

**ਸਰਕਾਰ ਅਤੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ** : ਸਰਕਾਰ ਨੂੰ ਆਪਣੀ ਭਾਸ਼ਾਈ ਨੀਤੀ ਵਿੱਚ ਸਪੱਸ਼ਟਤਾ ਲਿਆਉਣੀ ਪਵੇਗੀ। ਪੰਜਾਬੀ ਨੂੰ ਸਿਰਫ਼ ਵੋਟ ਬੈਂਕ ਦੀ ਰਾਜਨੀਤੀ ਲਈ ਵਰਤਣ ਦੀ ਬਜਾਏ ਇਸ ਨੂੰ ਸੱਭਿਆਚਾਰਕ ਵਿਰਾਸਤ ਵਜੋਂ ਸੰਭਾਲਣ ਦੀ ਲੋੜ ਹੈ।

ਸਮਾਜਿਕ ਪੱਧਰ 'ਤੇ ਪੰਜਾਬੀ ਪਰਿਵਾਰਾਂ ਨੂੰ ਆਪਣੇ ਬੱਚਿਆਂ ਨਾਲ ਘਰ ਵਿੱਚ ਪੰਜਾਬੀ ਬੋਲਣੀ ਚਾਹੀਦੀ ਹੈ। ਪੰਜਾਬੀ ਪੱਤਰਕਾਰਾਂ ਅਤੇ ਮੀਡੀਆ ਅਦਾਰਿਆਂ ਨੂੰ ਹਰਿਆਣਾ ਦੇ ਪੰਜਾਬੀ ਮੁੱਦਿਆਂ ਨੂੰ ਪ੍ਰਮੁੱਖਤਾ ਨਾਲ ਚੁੱਕਣਾ ਚਾਹੀਦਾ ਹੈ। ਲੇਖਕਾਂ ਨੂੰ ਸਮੇਂ ਦੇ ਹਾਣੀ ਬਣ ਕੇ ਅਜਿਹਾ ਸਾਹਿਤ ਰਚਣਾ ਚਾਹੀਦਾ ਹੈ ਜੋ ਅੱਜ ਦੇ ਨੌਜਵਾਨਾਂ ਦੀਆਂ ਸਮੱਸਿਆਵਾਂ ਅਤੇ ਸੁਪਨਿਆਂ ਦੀ ਗੱਲ ਕਰੇ।

**ਕਲਮ ਦੀ ਜਿੱਤ ਯਕੀਨੀ ਹੈ :** ਹਰਿਆਣਾ ਵਿੱਚ ਪੰਜਾਬੀ ਭਾਸ਼ਾ ਅਤੇ ਲੇਖਕਾਂ ਦੀ ਸਥਿਤੀ ਨਿਸ਼ਚਿਤ ਤੌਰ 'ਤੇ ਚੁਣੌਤੀਪੂਰਨ ਹੈ ਪਰ ਨਿਰਾਸ਼ਾਜਨਕ ਬਿਲਕੁਲ ਨਹੀਂ। ਇਤਿਹਾਸ ਗਵਾਹ ਹੈ ਕਿ ਪੰਜਾਬੀ ਭਾਸ਼ਾ ਨੇ ਹਮੇਸ਼ਾ ਔਕੜਾਂ ਅਤੇ ਸੰਘਰਸ਼ਾਂ ਵਿੱਚੋਂ ਨਵੀਂ ਊਰਜਾ ਪ੍ਰਾਪਤ ਕੀਤੀ ਹੈ। ਇਹ ਬਾਬਾ ਫਰੀਦ ਦੀ ਮਿਠਾਸ, ਗੁਰੂ ਨਾਨਕ ਦੀ ਤਰਕਸ਼ੀਲਤਾ ਅਤੇ ਪਾਸ਼ ਦੀ ਬਗਾਵਤ ਵਾਲੀ ਭਾਸ਼ਾ ਹੈ।

ਜਦੋਂ ਤੱਕ ਨਿਡਰ ਲੇਖਕ ਆਪਣੀ ਕਲਮ ਰਾਹੀਂ ਸੱਚਾਈ ਦਾ ਹੋਕਾ ਦਿੰਦੇ ਰਹਿਣਗੇ ਅਤੇ ਸਮਾਜ ਆਪਣੀ ਮਾਤਭਾਸ਼ਾ ਪ੍ਰਤੀ ਚੇਤੰਨ ਰਹੇਗਾ, ਪੰਜਾਬੀ ਦੀ ਜੋਤ ਕਦੇ ਮੰਦ ਨਹੀਂ ਪਵੇਗੀ। ਹਰਿਆਣਾ ਦੀ ਮਿੱਟੀ ਵਿੱਚ ਪੰਜਾਬੀ ਦੀ ਖੁਸ਼ਬੂ ਹਮੇਸ਼ਾ ਮਹਿਕਦੀ ਰਹੇਗੀ ਬੱਸ ਲੋੜ ਹੈ ਇੱਕ ਜੁੱਟ ਹੋ ਕੇ ਇਸ ਦੇ ਸਤਿਕਾਰ ਅਤੇ ਹੋਂਦ ਲਈ ਲਗਾਤਾਰ ਯਤਨਸ਼ੀਲ ਰਹਿਣ ਦੀ।

**ਪੰਜਾਬੀ ਮਾਂ-ਬੋਲੀ ਜ਼ਿੰਦਾਬਾਦ !**

ਇਹ ਲੇਖ ਹਰਿਆਣਾ ਵਿੱਚ ਪੰਜਾਬੀ ਭਾਸ਼ਾ ਦੇ ਦਰਦ ਅਤੇ ਉਮੀਦ ਦੀ ਇੱਕ ਸੱਚੀ ਤਸਵੀਰ ਪੇਸ਼ ਕਰਨ ਦਾ ਇੱਕ ਨਿਮਾਣਾ ਜਿਹਾ ਯਤਨ ਹੈ।

ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ

## ਰਾਤ ਨੂੰ ਚੌਲ ਖਾਣੇ ਚਾਹੀਦੇ ਹਨ ਜਾਂ ਨਹੀ?

ਲੋਕ ਅਕਸਰ ਇਸ ਬਾਰੇ ਉਲਝਣ ਵਿੱਚ ਰਹਿੰਦੇ ਹਨ ਕਿ ਕੀ ਰਾਤ ਦੇ ਖਾਣੇ ਵਿੱਚ ਚੌਲ ਖਾਣਾ ਸਹੀ ਹੈ। ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ, ਜਦੋਂ ਲੋਕ ਦੇਰ ਨਾਲ ਖਾਣਾ ਖਾਂਦੇ ਹਨ, ਤਾਂ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਰਾਤ ਦੇ ਖਾਣੇ ਵਿੱਚ ਚੌਲ ਖਾਣ



ਦੇ ਸਿਹਤ 'ਤੇ ਕੀ ਅਸਰ ਪੈਂਦੇ ਹਨ ਅਤੇ ਰਾਤ ਨੂੰ ਕਿਸ ਨੂੰ ਇਸ ਤੋਂ ਬਚਣਾ ਚਾਹੀਦਾ ਹੈ।

**ਵਜ਼ਨ ਵਧਣਾ** : ਚੌਲ ਕਾਰਬੋਹਾਈਡਰੇਟ ਨਾਲ ਭਰਪੂਰ ਹੁੰਦੇ ਹਨ, ਜੋ ਊਰਜਾ ਪ੍ਰਦਾਨ ਕਰਦੇ ਹਨ। ਰਾਤ ਨੂੰ ਉੱਚ ਕਾਰਬੋਹਾਈਡਰੇਟ ਵਾਲੇ ਭੋਜਨ ਖਾਣ ਨਾਲ ਜਦੋਂ ਸਰੀਰਕ ਗਤੀਵਿਧੀ ਘੱਟ ਹੁੰਦੀ ਹੈ, ਤਾਂ ਕੈਲੋਰੀ ਚਰਬੀ ਦੇ ਰੂਪ ਵਿੱਚ ਸਟੋਰ ਹੋ ਸਕਦੀ ਹੈ। ਨੀਂਦ ਦੌਰਾਨ ਸਰੀਰ ਦਾ ਮੈਟਾਬੋਲਿਜ਼ਮ ਹੌਲੀ ਹੋ ਜਾਂਦਾ ਹੈ, ਜਿਸ ਨਾਲ ਚੌਲਾਂ ਤੋਂ ਕੈਲੋਰੀਆਂ ਨੂੰ ਸਾੜਨਾ ਮੁਸ਼ਕਲ ਹੋ ਜਾਂਦਾ ਹੈ, ਜਿਸ ਨਾਲ ਭਾਰ ਵਧ ਸਕਦਾ ਹੈ।

**ਬਲੱਡ ਸ਼ੂਗਰ ਵਧ ਜਾਂਦਾ ਹੈ**: ਚਿੱਟੇ ਚੌਲਾਂ ਵਿੱਚ ਉੱਚ ਗਲਾਈਸੈਮਿਕ ਇੰਡੈਕਸ ਹੁੰਦਾ ਹੈ, ਜਿਸਦਾ ਮਤਲਬ ਹੈ ਕਿ ਇਹ ਬਲੱਡ ਸ਼ੂਗਰ ਦੇ ਪੱਧਰ ਨੂੰ ਜਲਦੀ ਵਧਾਉਂਦਾ ਹੈ। ਰਾਤ ਦੇ ਖਾਣੇ ਵਿੱਚ ਚੌਲ ਖਾਣ ਨਾਲ, ਖਾਸ ਕਰਕੇ ਸ਼ੂਗਰ ਜਾਂ ਇਨਸੁਲਿਨ ਪ੍ਰਤੀਰੋਧ ਵਾਲੇ ਲੋਕਾਂ ਲਈ, ਬਲੱਡ ਸ਼ੂਗਰ ਵਿੱਚ ਅਚਾਨਕ ਵਾਧਾ ਹੋ ਸਕਦਾ ਹੈ। ਸਮੇਂ ਦੇ ਨਾਲ ਇਹ ਟਾਈਪ 2 ਸ਼ੂਗਰ ਅਤੇ ਹੋਰ ਪਾਚਕ ਬਿਮਾਰੀਆਂ ਦਾ ਜੋਖਮ ਵਧਾ ਸਕਦਾ ਹੈ।

**ਬਦਹਜ਼ਮੀ ਅਤੇ ਪੇਟ ਫੁੱਲਣਾ**: ਬਹੁਤ ਸਾਰੇ ਲੋਕ ਰਾਤ ਨੂੰ ਚੌਲ ਖਾਣ ਤੋਂ ਬਾਅਦ ਪੇਟ ਫੁੱਲਣ ਅਤੇ ਪਾਚਨ ਸੰਬੰਧੀ ਸਮੱਸਿਆਵਾਂ ਦਾ ਅਨੁਭਵ ਕਰਦੇ ਹਨ। ਚੌਲਾਂ ਵਿੱਚ ਕਾਰਬੋਹਾਈਡਰੇਟ ਹੁੰਦੇ ਹਨ ਜੋ ਪਾਚਨ ਨੂੰ ਹੌਲੀ ਕਰ ਸਕਦੇ ਹਨ। ਸੰਵੇਦਨਸ਼ੀਲ ਪਾਚਨ ਪ੍ਰਣਾਲੀ ਵਾਲੇ ਲੋਕਾਂ ਲਈ ਰਾਤ ਦੇ ਖਾਣੇ ਵਿੱਚ ਚੌਲ ਖਾਣ ਨਾਲ ਐਸੀਡਿਟੀ, ਗੈਸ ਜਾਂ ਹੌਲੀ ਪਾਚਨ ਕਿਰਿਆ ਹੋ ਸਕਦੀ ਹੈ।

## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ, ਬਹਾਦਰਗੜ੍ਹ ਵਿਖੇ ਬਾਰਵੀਂ ਜਮਾਤ ਦੇ ਵਿਦਿਆਰਥੀਆ ਲਈ ਸ਼ਾਨਦਾਰ ਵਿਦਾਇਗੀ ਸਮਾਰੋਹ

ਪਟਿਆਲਾ, 13 ਫਰਵਰੀ (ਚ.ਨ.ਸ.): ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ, ਬਹਾਦਰਗੜ੍ਹ ਵਿਖੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਆਪਣੇ ਸੀਨੀਅਰ ਸਾਥੀਆਂ ਨੂੰ ਵਿਦਾਈ ਦੇਣ ਲਈ ਸ਼ਾਨਦਾਰ ਸਮਾਗਮ ਦਾ ਆਯੋਜਨ ਕੀਤਾ ਗਿਆ। ਸਭ ਤੋਂ ਪਹਿਲਾਂ ਵਿਦਿਆਰਥੀਆਂ ਦੁਆਰਾ ਨਾਨਕ ਨਾਮੁ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਸ਼ਬਦ ਗਾਇਨ ਕੀਤਾ ਗਿਆ।

ਇਸ ਤੋਂ ਬਾਅਦ ਵਿਦਿਆਰਥੀਆਂ ਦੁਆਰਾ ਵੱਖ ਵੱਖ ਪ੍ਰਕਾਰ ਦੀਆਂ ਪੇਸ਼ਕਾਰੀਆਂ ਦਿੱਤੀਆਂ ਗਈਆਂ ਅਤੇ ਜੂਨੀਅਰ ਵਿਦਿਆਰਥੀਆਂ ਦੁਆਰਾ ਆਪਣੇ ਸੀਨੀਅਰ ਵਿਦਿਆਰਥੀਆਂ ਤੋਂ ਕਈ ਪ੍ਰਕਾਰ ਦੀਆਂ ਹਾਸਰਸ ਭਰਪੂਰ ਖੇਡਾਂ ਵੀ ਕਰਵਾਈਆਂ ਗਈਆਂ।



ਇਸ ਸਮਾਰੋਹ ਦੇ ਮੁੱਖ ਮਹਿਮਾਨ ਸਕੂਲ ਦੇ ਡਾਇਰੈਕਟਰ ਸੇਵਾ ਰਤਨ ਡਾ: ਜਸਵਿੰਦਰ ਕੌਰ ਦਰਦੀ ਜੀ ਨੇ ਆਪਣੇ ਪ੍ਰੇਰਨਾਦਾਇਕ ਸ਼ਬਦਾਂ ਰਾਹੀਂ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਕਾਮਨਾ ਕਰਦੇ ਹੋਏ ਕਿਹਾ ਕਿ ਉਹ ਸਾਰੇ ਵਿਦਿਆਰਥੀਆਂ ਨੂੰ ਸਫਲਤਾ ਦੀਆਂ ਉੱਚੀਆਂ ਸਿਖਰਾਂ ਤੇ ਦੇਖਣਾ ਚਾਹੁੰਦੇ ਹਨ। ਇਸ ਲਈ ਵਿਦਿਆਰਥੀਆਂ ਨੂੰ ਅਣਥੱਕ ਮਿਹਨਤ ਕ?ਰਦਿਆ ਆਪਣੇ ਅਤੇ ਆਪਣੇ ਮਾਤਾ-ਪਿਤਾ ਜੀ ਦੇ ਸੁਪਨੇ ਸਾਕਾਰ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਮੋਨਿਕਾ ਵਾਲੀਆ ਜੀ ਨੇ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਆਗਾਮੀ ਇਮਤਿਹਾਨਾਂ ਵਿੱਚ ਵੱਧ ਤੋਂ ਵੱਧ ਨੰਬਰ ਲੈਣ ਲਈ ਪ੍ਰੇਰਿਤ ਕੀਤਾ।

ਮਿਸਟਰ ਐਸ. ਜੀ .ਐਚ .ਪੀ .ਐਸ . ਗੁਰਸ਼ਾਨ ਸਿੰਘ ਨੂੰ ਚੁਣਿਆ ਗਿਆ ਅਤੇ ਮਿਸ ਐਸ. ਜੀ .ਐਚ. ਪੀ .ਐਸ ਗੁਰਲੀਨ ਕੌਰ ਸੰਧੂ ਨੂੰ ਚੁਣਿਆ ਗਿਆ। ਮਿਸਟਰ ਪ੍ਰਤਿਭਾਸ਼ਾਲੀ ਯਸ਼ਪ੍ਰੀਤ ਸਿੰਘ ਅਤੇ ਮਿਸ ਪ੍ਰਤਿਭਾਸ਼ਾਲੀ ਗੁਰਲੀਨ ਕੌਰ ਮੁਲਤਾਨੀ ਬਣੀ। ਸਭ ਤੋਂ ਵਧੀਆ ਪਹਿਰਾਵਾ ਹਰਲੀਨ ਕੌਰ ਅਤੇ ਸਭ ਤੋਂ ਵਧੀਆ ਦਸਤਾਰ ਦਾ ਖਿਤਾਬ ਅਕਸ਼ਪ੍ਰੀਤ ਸਿੰਘ ਸਿੰਘ ਨੂੰ ਦਿੱਤਾ ਗਿਆ। ਸਾਰਿਆਂ ਨੇ ਰਲ- ਮਿਲ ਕੇ ਭੰਗੜੇ ਪਾ ਕੇ ਮੌਜ -ਮਸਤੀ ਕੀਤੀ। ਇਹ ਦਿਨ ਬਹੁਤ ਹੀ ਭਾਵੁਕ ,ਹਾਸਰਸ ਭਰਪੂਰ ਅਤੇ ਮਨੋਰੰਜਕ ਰਿਹਾ।ਇਸ ਤਰ੍ਹਾਂ ਇਹ ਸਮਾਗਮ ਬਹੁਤ ਸਾਰੀਆਂ ਭਾਵੁਕ ਯਾਦਾਂ ਤੇ ਨਵੀਆਂ ਉਮੀਦਾਂ ਨਾਲ ਸਮਾਪਤ ਹੋਇਆ ਜੋ ਕਿ ਵਿਦਿਆਰਥੀਆਂ ਦੀਆਂ ਯਾਦਾਂ ਵਿੱਚ ਹਮੇਸ਼ਾ ਵੱਸਿਆ ਰਹੇਗਾ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ. ਸੈਕੰਡਰੀ ਸਕੂਲ ਪ੍ਰੈਸ ਰੋਡ ਪਟਿਆਲਾ ਵਿਖੇ ਸਲਾਨਾ ਸਮਾਗਮ ਦਾ ਆਯੋਜਨ









ਪਟਿਆਲਾ, 13 ਫਰਵਰੀ (ਚ.ਨ.ਸ.) : ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ. ਸੈਕੰਡਰੀ ਸਕੂਲ ਪ੍ਰੈਸ ਰੋਡ ਪਟਿਆਲਾ ਵਿਖੇ ਸਲਾਨਾ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਪਦਮ ਸ੍ਰੀ ਡਾ. ਜਗਜੀਤ ਸਿੰਘ ਦਰਦੀ ਜੀ ਅਤੇ ਡਾਇਰੈਕਟਰ/ਪ੍ਰਿੰਸੀਪਲ ਸ੍ਰੀਮਤੀ ਜਸਵਿੰਦਰ ਕੌਰ ਦਰਦੀ ਜੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਬੱਚਿਆਂ ਅਤੇ ਅਧਿਆਪਕਾਂ ਨੇ ਗੁਲਦਸਤਿਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਕੀਤੀ ਗਈ। ਇਸ ਸਮਾਗਮ ਦੌਰਾਨ ਬੱਚਿਆਂ ਵੱਲੋਂ ਪੰਜਾਬੀ ਸਭਿਆਚਾਰ ਅਤੇ ਸੰਸਕ੍ਰਿਤੀ ਨਾਲ ਸਬੰਧਤ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਵਿਚ ਕ੍ਰਿਸ਼ਨਾ ਐਕਟ,ਗੁਰਮੁੱਖੀ ਲਿਪੀ ਨਾਲ ਸਬੰਧਤ ਛੋਟੇ ਬੱਚਿਆਂ ਵੱਲੋਂ ਨਾਟਕ ਪੇਸ਼ ਕੀਤਾ ਗਿਆ ਅਤੇ ਗੱਤਕਾ ਵੀ ਖੇਡਿਆ ਗਿਆ। ਇਸ ਸਮਾਗਮ ਦੌਰਾਨ ਮੁੱਖ ਮਹਿਮਾਨ ਪਦਮ ਸ੍ਰੀ ਡਾ. ਜਗਜੀਤ ਸਿੰਘ ਦਰਦੀ ਜੀ ਨੇ ਕਿਹਾ ਕਿ ਇਹੋ ਜਿਹੇ ਪ੍ਰੋਗਰਾਮ ਬੱਚਿਆਂ ਨੂੰ ਅਧਿਆਤਮਕਤਾ ਦੇ ਨਾਲ ਜੋੜਦੇ ਹਨ। ਅਧਿਆਪਕਾਂ ਵੱਲੋਂ ਬੱਚਿਆਂ ਨੂੰ ਸਮੇਂ ਦੀ ਹਾਣੀ ਬਣਾਉਣ ਲਈ ਬਹੁਤ ਮਿਹਨਤ ਕਰਵਾਈ ਜਾਂਦੀ ਹੈ। ਜਿਸ ਦੇ ਸਦਕਾ ਹੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਸੀਨੀ. ਸੈਕੰ: ਸਕੂਲ ਪ੍ਰੈਸ ਰੋਡ ਪਟਿਆਲਾ ਨੇ ਇਸ ਇਲਾਕੇ ਵਿਚ ਇਕ ਚੰਗਾ ਨਾਮ ਕਮਾ ਲਿਆ ਹੈ। ਉਨ੍ਹਾਂ ਵੱਲੋਂ ਬੱਚਿਆਂ ਦੇ ਮਾਪਿਆਂ ਦਾ ਧੰਨਵਾਦ ਕੀਤਾ। ਅੰਤ ਵਿਚ ਸਕੂਲ ਦੇ ਡਾਇਰੈਕਟਰ/ਪ੍ਰਿੰਸੀਪਲ ਸ੍ਰੀਮਤੀ ਜਸਵਿੰਦਰ ਕੌਰ ਦਰਦੀ ਨੇ ਜੇਤੂ ਬੱਚਿਆਂ ਨੂੰ ਇਨਾਮ ਵੰਡੇ ਅਤੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹ ਕੇ ਸੁਣਾਈ ਗਈ। ਆਏ ਮਹਿਮਾਨਾਂ ਅਤੇ ਬੱਚਿਆਂ ਦੇ ਮਾਤਾ ਪਿਤਾ ਦਾ ਧੰਨਵਾਦ ਕੀਤਾ।



## ਲੋਕ ਸਭਾ ਸਪੀਕਰ ਨੇ ਸ਼੍ਰੀਮਤੀ ਸਰੋਜਨੀ ਨਾਇਡੂ ਨੂੰ ਉਨ੍ਹਾਂ ਦੀ ਜਨਮ ਵਰ੍ਹੇਗੰਢ 'ਤੇ ਸ਼ਰਧਾਂਜਲੀ ਭੇਟ ਕੀਤੀ

ਨਵੀਂ ਦਿੱਲੀ, 13 ਫਰਵਰੀ (ਚ.ਨ.ਸ.) : ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਅੱਜ ਸੰਵਿਧਾਨ ਸਦਨ ਦੇ



ਸੈਂਟਰਲ ਹਾਲ ਵਿੱਚ ਸ਼੍ਰੀਮਤੀ ਸਰੋਜਨੀ ਨਾਇਡੂ ਨੂੰ ਉਨ੍ਹਾਂ ਦੀ ਜਨਮ ਵਰ੍ਹੇਗੰਢ @ਤੇ ਫੁੱਲ ਭੇਟ ਕੀਤੇ। ਰਾਜ ਸਭਾ ਦੇ ਡਿਪਟੀ ਚੇਅਰਮੈਨ, ਸ਼੍ਰੀ ਹਰਿਵੰਸ਼; ਸੰਸਦ ਮੈਂਬਰਾਂ, ਸਾਬਕਾ ਮੈਂਬਰਾਂ ਅਤੇ ਹੋਰ ਪਤਵੰਤਿਆਂ ਨੇ ਵੀ ਇਸ ਮੌਕੇ ਸ਼੍ਰੀਮਤੀ ਸਰੋਜਨੀ ਨਾਇਡੂ ਨੂੰ ਸ਼ਰਧਾਂਜਲੀ ਭੇਟ ਕੀਤੀ। ਲੋਕ ਸਭਾ ਦੇ ਸਕੱਤਰ-ਜਨਰਲ, ਸ਼੍ਰੀ ਉਤਪਲ ਕੁਮਾਰ ਸਿੰਘ ਨੇ ਵੀ ਸ਼੍ਰੀਮਤੀ ਸਰੋਜਨੀ ਨਾਇਡੂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼੍ਰੀਮਤੀ ਸਰੋਜਨੀ ਨਾਇਡੂ, ਜਿਨ੍ਹਾਂ ਨੂੰ ÷ਭਾਰਤ ਦੀ ਕੋਕਿਲਾ÷ (ਭਾਰਤ ਕੋਕਿਲਾ) ਵਜੋਂ ਜਾਣਿਆ ਜਾਂਦਾ ਹੈ, ਇੱਕ ਪ੍ਰਤਿਭਾਸ਼ਾਲੀ ਬੁਲਾਰਾ, ਇੱਕ ਪ੍ਰਸਿੱਧ ਕਵੀ ਅਤੇ ਇੱਕ ਪ੍ਰਮੁੱਖ ਆਜ਼ਾਦੀ ਘੁਲਾਟੀਏ ਸਨ। 13 ਫਰਵਰੀ, 1879 ਨੂੰ ਹੈਦਰਾਬਾਦ ਵਿੱਚ ਜਨਮੀ, ਉਸਨੇ ਭਾਰਤ ਦੀ ਆਜ਼ਾਦੀ ਦੀ ਲਹਿਰ ਵਿੱਚ ਸਰਗਰਮ ਭੂਮਿਕਾ ਨਿਭਾਈ ਅਤੇ ਔਰਤਾਂ ਦੀ ਸਿੱਖਿਆ ਅਤੇ ਸਸ਼ਕਤੀਕਰਨ ਲਈ ਇੱਕ ਜੋਸ਼ੀਲੀ ਵਕੀਲ ਸੀ। ਉਸਨੇ ਦਿੱਲੀ ਵਿੱਚ ਲੇਡੀ ਇਰਵਿਨ ਕਾਲਜ ਫਾਰ ਵੂਮੈਨ ਦੀ ਸਥਾਪਨਾ ਵੀ ਕੀਤੀ। ਆਜ਼ਾਦੀ ਤੋਂ ਬਾਅਦ, ਸ਼੍ਰੀਮਤੀ ਸਰੋਜਨੀ ਨਾਇਡੂ ਨੇ ਸੰਯੁਕਤ ਪ੍ਰਾਂਤ (ਮੌਜੂਦਾ ਉੱਤਰ ਪ੍ਰਦੇਸ਼) ਦੀ ਪਹਿਲੀ ਮਹਿਲਾ ਰਾਜਪਾਲ ਵਜੋਂ ਸੇਵਾ ਨਿਭਾਈ। ਉਸਦਾ 2 ਮਾਰਚ 1949 ਨੂੰ ਦੇਹਾਂਤ ਹੋ ਗਿਆ।

ਸ਼੍ਰੀਮਤੀ ਸਰੋਜਨੀ ਨਾਇਡੂ ਦੀ ਤਸਵੀਰ ਦਾ ਉਦਘਾਟਨ ਭਾਰਤ ਦੇ ਤਤਕਾਲੀ ਰਾਸ਼ਟਰਪਤੀ, ਡਾ. ਰਾਜੇਂਦਰ ਪ੍ਰਸਾਦ ਦੁਆਰਾ 16 ਦਸੰਬਰ, 1959 ਨੂੰ ਸੰਵਿਧਾਨ ਸਦਨ ਦੇ ਕੇਂਦਰੀ ਹਾਲ ਵਿੱਚ ਕੀਤਾ ਗਿਆ ਸੀ।

## ਸੈਂਟਰਲ ਬੈਂਕ ਆਫ਼ ਇੰਡੀਆ ਵੱਲੋਂ ਆਊਟਰੀਚ ਮੁਹਿੰਮ

ਚੰਡੀਗੜ੍ਹ, 13 ਫਰਵਰੀ (ਚ.ਨ.ਸ.): ਸੈਂਟਰਲ ਬੈਂਕ ਆਫ਼ ਇੰਡੀਆ, ਰੀਜਨਲ ਆਫਿਸ ਜਲੰਧਰ ਨੇ ਮੁੰਬਈ ਦੇ ਕੇਂਦਰੀ ਦਫ਼ਤਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚਲਾਈ ਜਾ ਰਹੀ ਦੇਸ਼ ਵਿਆਪੀ ਮੁਹਿੰਮ ਦੇ ਤਹਿਤ ਫਾਜ਼ਿਲਕਾ ਵਿਖੇ ਇੱਕ ਮੈਗਾ ਐਗਰੀਕਲਚਰ ਲੋਨ ਆਊਟਰੀਚ ਮੁਹਿੰਮ ਦਾ ਆਯੋਜਨ ਕੀਤਾ। ਇਸ ਪਹਿਲਕਦਮੀ ਦਾ ਉਦੇਸ਼ ਖੇਤੀਬਾੜੀ ਕਰਜ਼ੇ ਦੇ ਪ੍ਰਵਾਹ ਨੂੰ ਮਜ਼ਬੂਤ ਕਰਨਾ ਅਤੇ ਖੇਤਰ ਦੇ ਕਿਸਾਨਾਂ ਅਤੇ ਖੇਤੀਬਾੜੀ-ਉਦਮੀਆਂ ਵਿੱਚ ਵਿੱਤੀ ਸ਼ਮੂਲੀਅਤ ਨੂੰ ਵਧਾਉਣਾ ਸੀ। ਪ੍ਰੋਗਰਾਮ ਵਿੱਚ ਨੇੜਲੇ ਜ਼ਿਲ੍ਹਿਆਂ ਦੇ ਸ਼ਾਖਾ ਮੁਖੀਆਂ, ਬੈਂਕ ਅਧਿਕਾਰੀਆਂ, ਵਪਾਰਕ ਪੱਤਰਕਾਰਾਂ (ਬੀਸੀ), ਕਿਸਾਨਾਂ ਅਤੇ ਕੀਮਤੀ ਗਾਹਕਾਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ। ਕਿਸਾਨਾਂ ਅਤੇ ਖੇਤੀਬਾੜੀ-ਉਦਮੀਆਂ ਨੂੰ ਫਸਲ ਉਤਪਾਦਨ, ਸਹਾਇਕ ਗਤੀਵਿਧੀਆਂ, ਬੁਨਿਆਦੀ ਢਾਂਚਾ ਵਿਕਾਸ, ਫੂਡ ਪ੍ਰੋਸੈਸਿੰਗ, ਨਵਿਆਉਣਯੋਗ ਊਰਜਾ ਅਤੇ ਪੋਲਟਰੀ ਉੱਦਮਾਂ ਲਈ ਸੰਸਥਾਗਤ ਕਰਜ਼ਾ ਪ੍ਰਾਪਤ ਕਰਨ ਬਾਰੇ ਮਾਰਗਦਰਸ਼ਨ ਕੀਤਾ ਗਿਆ।

ਆਪਣੇ ਸੰਬੋਧਨ ਵਿੱਚ, ਖੇਤਰੀ ਮੁਖੀ ਸ਼੍ਰੀ ਰਾਹੁਲ ਸਕਸੈਨਾ ਨੇ ਪਹੁੰਚਯੋਗ ਅਤੇ ਕਿਫਾਇਤੀ ਕਰਜ਼ਾ ਰਾਹੀਂ ਕਿਸਾਨ ਭਾਈਚਾਰੇ ਨੂੰ ਸਸ਼ਕਤ ਬਣਾਉਣ ਪ੍ਰਤੀ ਬੈਂਕ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਸਮਾਜਿਕ ਸੁਰੱਖਿਆ ਯੋਜਨਾਵਾਂ ਦੀ ਮਹੱਤਤਾ @ਤੇ ਵਿਸ਼ੇਸ਼ ਜ਼ੋਰ ਦਿੱਤਾ ਅਤੇ ਕਿਸਾਨਾਂ ਨੂੰ ਲੰਬੇ ਸਮੇਂ ਦੀ ਵਿੱਤੀ ਸੁਰੱਖਿਆ ਲਈ ਬੀਮਾ ਅਤੇ ਪੈਨਸ਼ਨ ਸਕੀਮਾਂ ਵਿੱਚ ਨਾਮ ਦਰਜ ਕਰਵਾਉਣ ਲਈ ਉਤਸ਼ਾਹਿਤ ਕੀਤਾ। ਭਾਗੀਦਾਰਾਂ ਨੂੰ ਕੇਵਾਈਸੀ ਅੱਪਡੇਟ, ਡੀਏਐਫ ਖਾਤਿਆਂ, ਡਿਜੀਟਲ ਬੈਂਕਿੰਗ ਸੇਵਾਵਾਂ, ਅਤੇ ਸਿਹਤਮੰਦ ਕਰਜ਼ਾ ਅਨੁਸ਼ਾਸਨ ਬਣਾਈ ਰੱਖਣ ਲਈ ਸਮੇਂ ਸਿਰ ਕਰਜ਼ੇ ਦੀ ਅਦਾਇਗੀ ਦੀ ਜ਼ਰੂਰਤ ਬਾਰੇ ਵੀ ਸੰਵੇਦਨਸ਼ੀਲ ਬਣਾਇਆ ਗਿਆ।

## ਐਮ.ਪੀ. ਸਾਹਨੀ ਨੇ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਵਧਾਉਣ ਅਤੇ ਪੇਂਡੂ ਵਿਕਾਸ ਫੰਡ ਜਾਰੀ ਕਰਨ ਦੀ ਅਪੀਲ

ਨਵੀਂ ਦਿੱਲੀ, 13 ਫਰਵਰੀ (ਅੰਮ੍ਰਿਤਪਾਲ ਸਿੰਘ) : ਰਾਜ ਸਭਾ ਦੇ ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਅੱਜ ਸੰਸਦ ਵਿੱਚ ਸਰਕਾਰ ਨੂੰ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏਆਈਐਫ) ਵਿਆਜ਼-ਸਬਵੈਂਸ਼ਨ ਪ੍ਰੋਜੈਕਟ ਸੀਮਾ 2 ਕਰੋੜ ਤੋਂ ਵਧਾ ਕੇ 5 ਕਰੋੜ ਕਰਨ ਅਤੇ ਪੰਜਾਬ ਦੇ ਲੰਬੇ ਸਮੇਂ ਤੋਂ ਬਾਕਾਇਆ ਪੇਂਡੂ ਵਿਕਾਸ ਫੰਡ (ਆਰਡੀਐਫ) ਜਾਰੀ ਕਰਨ ਦੀ ਅਪੀਲ ਕੀਤੀ ਹੈ। ਡਾ. ਸਾਹਨੀ ਨੇ ਮੰਤਰੀ ਨੂੰ ਪੰਜਾਬ ਨੂੰ ਪੇਂਡੂ ਵਿਕਾਸ ਫੰਡ (ਆਰਡੀਐਫ) ਅਤੇ ਮਾਰਕੀਟ ਵਿਕਾਸ ਫੰਡ (ਐਮਡੀਐਫ) ਸਹਾਇਤਾ ਵਿੱਚ ਕਟੌਤੀ ਅਤੇ ਰਿਲੀਜ਼ ਨਾ ਕਰਨ ਦਾ ਮੁੱਦਾ ਉਠਾਇਆ। ਇਹ ਨੋਟ ਕਰਦਿਆਂ ਕਿ 2022 ਵਿੱਚ ਐਮ.ਐਸ.ਪੀ ਖਰੀਦ ਨਾਲ ਜੁੜੀ ਲੇਵੀ 6% ਤੋਂ ਘਟਾ ਕੇ 2% ਕਰ ਦਿੱਤੀ ਗਈ ਸੀ, ਹਾਲਾਂਕਿ ਕਿ ਪੰਜਾਬ ਸਾਲਾਨਾ ਲਗਭਗ 18 ਮਿਲੀਅਨ ਟਨ ਝੋਨਾ ਅਤੇ 12 ਮਿਲੀਅਨ ਟਨ ਕਣਕ ਦੀ ਖਰੀਦ ਕਰਦਾ ਹੈ - ਜੋ ਕਿ ਸਾਰੇ ਰਾਜਾਂ ਨਾਲੋਂ ਕਾਫੀ ਵੱਧ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਵਿੱਚ 64,724 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਅਤੇ



1,936 ਮੰਡੀਆਂ ਆਰਡੀਐਫ/ਐਮਡੀਐਫ ਸਰੋਤਾਂ 'ਤੇ ਬਹੁਤ ਜ਼ਿਆਦਾ ਨਿਰਭਰ ਹਨ ਅਤੇ ਇਸ ਮੁੱਦੇ ਨੂੰ ਹੱਲ ਕਰਨ ਲਈ ਕੇਂਦਰ-ਰਾਜ ਤਾਲਮੇਲ ਜ਼ਰੂਰੀ ਹੈ। ਡਾ. ਸਾਹਨੀ ਨੇ ਕਿਹਾ ਕਿ ਮੌਜੂਦਾ ਏ.ਆਈ.ਐਫ. ਸੀਮਾ ਆਧੁਨਿਕ ਕੋਲਡ ਸਟੋਰੇਜ ਅਤੇ ਵੇਅਰ ਹਾਊਸਿੰਗ ਬਣਾਉਣ ਲਈ ਨਾਕਾਫ਼ੀ ਹੈ ਜੋ ਨਾਬਾਰਡ ਦੁਆਰਾ ਸਾਲਾਨਾ ?1.5 ਲੱਖ ਕਰੋੜ ਦੇ ਅਨੁਮਾਨਿਤ ਵਾਢੀ ਤੋਂ ਬਾਅਦ ਦੇ ਨੁਕਸਾਨ ਨੂੰ ਰੋਕਣ ਲਈ ਲੋੜੀਂਦੀ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਇਸ ਸੁਝਾਅ ਦਾ ਸਵਾਗਤ ਕੀਤਾ ਅਤੇ ਭਰੋਸਾ ਦਿੱਤਾ ਕਿ ਬੇਨਤੀ 'ਤੇ ਵਿਚਾਰ ਕੀਤਾ ਜਾਵੇਗਾ। ਪੰਜਾਬ ਵਿੱਚ ਐਫ.ਪੀ.ਓ. ਬਾਰੇ, ਡਾ. ਸਾਹਨੀ ਨੇ ਕਿਹਾ ਕਿ ਉੱਚ ਰਜਿਸਟ੍ਰੇਸ਼ਨਾਂ ਦੇ ਬਾਵਜੂਦ, ਬਹੁਤ ਘੱਟ ਸਰਗਰਮੀ ਨਾਲ ਕਾਰਜਸ਼ੀਲ ਹਨ ਅਤੇ ਏ.ਆਈ.ਐਫ.-ਅਧਾਰੀ ਬੁਨਿਆਦੀ ਢਾਂਚੇ ਜਿਵੇਂ ਕਿ ਕੋਲਡ ਸਟੋਰ ਅਤੇ ਗਰੇਡਿੰਗ ਯੂਨਿਟਾਂ ਤੱਕ ਪਹੁੰਚ ਕਰਨ ਦੇ ਯੋਗ ਹਨ। ਉਨ੍ਹਾਂ ਨੇ ਖੇਤੀਬਾੜੀ-ਬੁਨਿਆਦੀ ਢਾਂਚਾ ਪ੍ਰੋਜੈਕਟਾਂ ਲਈ ਐਫ.ਪੀ.ਓ. ਨੂੰ ਪ੍ਰਭਾਵਸ਼ਾਲੀ ਏਜੰਸੀਆਂ ਬਣਾਉਣ ਲਈ ਮਜ਼ਬੂਤ ਹਮਾਇਤ ਅਤੇ ਸੰਸਥਾਗਤ ਸਹਾਇਤਾ ਦੀ ਮੰਗ ਕੀਤੀ।

## ਨੈਸ਼ਨਲ ਇੰਸਟੀਚਿਊਟ ਆਫ਼ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਵਿਖੇ ਮੈਡੀਟੇਸ਼ਨ ਕ੍ਰੈਡਿਟ ਕੋਰਸ ਸ਼ੁਰੂ

ਮੋਹਾਲੀ, 13 ਫਰਵਰੀ (ਚ.ਨ.ਸ.) : ਨੈਸ਼ਨਲ ਇੰਸਟੀਚਿਊਟ ਆਫ਼ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਨੇ ਅਕਾਦਮਿਕ ਸਾਲ 2025-2026 ਲਈ ਆਪਣੇ ਫਾਰਮਾਸਿਊਟੀਕਲ ਪਾਠਕ੍ਰਮ ਦੇ ਅੰਦਰ ਇੱਕ ਨਵਾਂ ਕ੍ਰੈਡਿਟ-ਅਧਾਰਤ ਕੋਰਸ, ÷ਯੋਗਾ ਅਤੇ ਮੈਡੀਟੇਸ਼ਨ÷ ਸ਼ੁਰੂ ਕੀਤਾ ਹੈ। ਇਹ ਕੋਰਸ ਜਨਰਲ ਇਲੈਕਟਿਵ ਸ਼੍ਰੇਣੀ ਵਿੱਚ ਸ਼ਾਮਲ ਹੈ। ਇਹ ਕੋਰਸ 12 ਫਰਵਰੀ ਤੋਂ 3 ਮਾਰਚ, 2026 ਤੱਕ ਕਰਵਾਇਆ ਜਾਵੇਗਾ। ਇਸਦਾ ਮਾਰਗਦਰਸ਼ਨ ਸਵਾਮੀ ਤਿਆਗਰਾਜਾਨੰਦ ਸਰਸਵਤੀ ਕਰਨਗੇ, ਜੋ ਕਿ ਬਿਹਾਰ ਯੋਗ ਵਿਦਿਆਲਿਆ, ਮੁੰਗੇਰ ਨਾਲ ਜੁੜੇ ਇੱਕ ਪ੍ਰਸਿੱਧ ਯੋਗਾ ਅਧਿਆਪਕ ਅਤੇ ਭਿਕਸ਼ੂ ਹਨ। ਸਵਾਮੀ ਤਿਆਗਰਾਜਾਨੰਦ ਸਰਸਵਤੀ ਸਤਿਆਨੰਦ ਯੋਗਾ, ਜਾਂ ਬਿਹਾਰ ਯੋਗਾ ਪਰੰਪਰਾ ਦੇ ਇੱਕ ਪ੍ਰਸਿੱਧ ਅਭਿਆਸੀ ਅਤੇ ਆਚਾਰੀਆ ਹਨ। ਉਹ ਕ੍ਰਿਆ ਯੋਗਾ, ਤੰਤਰ ਯੋਗਾ, ਹਠ ਯੋਗਾ, ਰਾਜਾ ਯੋਗਾ, ਨਾਦ ਯੋਗਾ ਅਤੇ ਭਗਤੀ ਯੋਗਾ ਵਰਗੇ ਰਵਾਇਤੀ ਯੋਗਾ ਵਿਸ਼ਿਆਂ ਦੇ ਸਮਰਪਿਤ ਅਭਿਆਸੀ ਹਨ। ਵਰਤਮਾਨ ਵਿੱਚ, ਉਹ ਆਪਣੇ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਫੈਲਾਉਣ ਲਈ ਤਿਆਗ ਦੀ ਜ਼ਿੰਦਗੀ ਜੀਉਂਦੇ ਹੋਏ ਯੋਗ ਪਰੰਪਰਾ ਦੇ ਪ੍ਰਚਾਰ ਵਿੱਚ ਸਰਗਰਮੀ ਨਾਲ ਸ਼ਾਮਲ ਹੈ। ਇਹ ਪਹਿਲ NIPER ਦੀ ਸੰਪੂਰਨ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ, ਜੋ ਸਰੀਰਕ ਸਿਹਤ, ਮਾਨਸਿਕ ਸੰਤੁਲਨ ਅਤੇ ਤਣਾਅ ਪ੍ਰਬੰਧਨ ਨੂੰ ਪੇਸ਼ੇਵਰ ਦਵਾਈ ਸਿਖਲਾਈ ਨਾਲ ਜੋੜਦੀ ਹੈ। ਇਸ ਮੌਕੇ 'ਤੇ, NIPER ਦੇ ਡਾਇਰੈਕਟਰ ਦੁਲਾਲ ਪਾਂਡਾ ਅਤੇ ਡੀਨ ਕੁਲਭੂਸ਼ਣ ਟਿੱਕੂ ਨੇ ਯੋਗਾ ਅਤੇ ਧਿਆਨ ਕੋਰਸ ਦੀ ਜ਼ਰੂਰਤ @ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਇਹ ਵਿਦਿਆਰਥੀਆਂ ਦੀ ਸਮੁੱਚੀ ਸਿਹਤ, ਇਕਾਗਰਤਾ, ਭਾਵਨਾਤਮਕ ਸੰਤੁਲਨ ਅਤੇ ਕੁਸ਼ਲਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਵਿਗਿਆਨਕ ਤੌਰ @ਤੇ ਵਿਕਸਤ ਯੋਗਾ ਅਤੇ ਧਿਆਨ ਅਭਿਆਸ ਵਿਦਿਆਰਥੀਆਂ ਨੂੰ ਅਕਾਦਮਿਕ ਤਣਾਅ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਅਤੇ ਸਵੈ-ਅਨੁਸ਼ਾਸਨ ਅਤੇ ਮਾਨਸਿਕਤਾ ਵਿਕਸਤ ਕਰਨ ਵਿੱਚ ਮਦਦ ਕਰਨਗੇ।



## ਸੁਪਰੀਮ ਇੰਡਸਟਰੀਜ਼ ਲਿਮਟਿਡ ਨੇ ਗ੍ਰਹਿਮ ਲਾਂਚ ਕੀਤਾ

ਨਵੀਂ ਦਿੱਲੀ, 13 ਫਰਵਰੀ (ਅੰਮ੍ਰਿਤਪਾਲ ਸਿੰਘ) : ਭਾਰਤ ਦੀ ਮੋਹਰੀ ਪੋਲੀਮਰ ਪ੍ਰੋਸੈਸਿੰਗ ਕੰਪਨੀ, ਸੁਪਰੀਮ ਇੰਡਸਟਰੀਜ਼ ਲਿਮਟਿਡ ਨੇ ਪਲਾਸਟਿਨਡੀਆ 2026 ਵਿਖੇ ਆਪਣੇ ਨਵੇਂ ਵਪਾਰਕ ਵਰਟੀਕਲ, ਗ੍ਰਹਿਮ ਦਾ ਐਲਾਨ ਕੀਤਾ। ਘਰ ਲਈ ਸੰਸਕ੍ਰਿਤ ਸ਼ਬਦ ਤੋਂ ਪ੍ਰੇਰਿਤ, ਬ੍ਰਾਂਡ ਨਵੀਨਤਾ, ਸਥਿਰਤਾ ਅਤੇ ਸ਼ਕਤੀਸ਼ਾਲੀ ਡਿਜ਼ਾਈਨ ਰਾਹੀਂ ਆਧੁਨਿਕ ਭਾਰਤੀ ਜੀਵਨ ਸ਼ੈਲੀ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਕਲਪਨਾ ਕਰਦਾ ਹੈ। ਗ੍ਰਹਿਮ ਸਿਰਫ਼ ਇੱਕ ਉਤਪਾਦ ਨਹੀਂ ਹੈ, ਸਗੋਂ ਇੱਕ ਸੰਪੂਰਨ ਜੀਵਨ ਅਨੁਭਵ ਹੈ, ਜੋ ਯੂਪੀਵੀਸੀ ਦਰਵਾਜ਼ਿਆਂ ਅਤੇ ਖਿੜਕੀਆਂ ਰਾਹੀਂ ਆਰਾਮ, ਸੁਰੱਖਿਆ ਅਤੇ ਸੁੰਦਰਤਾ ਨੂੰ ਮੁੜ ਪਰਿਭਾਸ਼ਿਤ ਕਰਦਾ ਹੈ। ਉੱਨਤ ਨਿਰਮਾਣ ਤਕਨਾਲੋਜੀ, ਉੱਤਮ ਇਨਸੂਲੇਸ਼ਨ ਅਤੇ ਭਰੋਸੇਯੋਗਤਾ ਨੂੰ ਜੋੜਦੇ ਹੋਏ, ਬ੍ਰਾਂਡ ਹਰ ਘਰ ਦਾ ਇੱਕ ਪਛਾਣ ਪੱਤਰ ਬਣਨ ਲਈ ਤਿਆਰ ਹੈ ਜੋ ਭਵਿੱਖ-ਮੁਖੀ ਅਤੇ ਸੰਗਠਿਤ ਜੀਵਨ ਦੀ ਕਲਪਨਾ ਕਰਦਾ ਹੈ। ਬ੍ਰਾਂਡ ਨਾ ਸਿਰਫ਼ ਤਕਨੀਕੀ ਉੱਤਮਤਾ ਨੂੰ ਯਕੀਨੀ ਬਣਾਉਂਦਾ ਹੈ ਬਲਕਿ ਹਰੇਕ ਗਾਹਕ ਗੱਲਬਾਤ ਵਿੱਚ ਪਾਰਦਰਸ਼ਤਾ, ਸਤਿਕਾਰ ਅਤੇ ਜਵਾਬਦੇਹੀ ਨੂੰ ਵੀ ਯਕੀਨੀ ਬਣਾਉਂਦਾ ਹੈ। ਸੁਪਰੀਮ ਦੀ ਮਜ਼ਬੂਤ ??ਪੋਲੀਮਰ ਮੁਹਾਰਤ ਦੁਆਰਾ ਸਮਰਥਤ, ਗ੍ਰਹਿਮ ਅਗਲੀ ਪੀੜ੍ਹੀ ਦੇ ਦਰਵਾਜ਼ੇ ਅਤੇ ਵਿੰਡੋ ਸਿਸਟਮ ਪੇਸ਼ ਕਰਦਾ ਹੈ, ਜਿਸ ਵਿੱਚ ਚਾਰ-ਚੈਂਬਰ ਪ੍ਰੋਫਾਈਲ ਹਨ ਜੋ ਵਧੀ ਹੋਈ ਤਾਕਤ, ਉੱਚ ਥਰਮਲ ਇਨਸੂਲੇਸ਼ਨ ਅਤੇ ਸ਼ਾਨਦਾਰ ਧੁਨੀ ਨਿਯੰਤਰਣ ਦੀ ਪੇਸ਼ਕਸ਼ ਕਰਦੇ ਹਨ।



ਜਨਮ ਦਿਨ ਮੁਬਾਰਕ



ਹਿਮਾਂਸ਼ੂ



ਅਵਨੀਤ ਸਿੰਘ ਦਾ ਸ਼ੁੱਭ ਵਿਆਹ ਸੰਦੀਪ ਕੌਰ ਨਾਲ ਹੋਇਆ



ਜਸਪਾਲ ਸਿੰਘ ਤੇ ਜਸਪਾਲ ਕੌਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ



ਸੁਮਿਤ ਸਿੰਘ ਤੇ ਨਵਜੋਤ ਕੌਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ

## ਸੈਂਟਰਲ ਬੈਂਕ ਆਫ਼ ਇੰਡੀਆ ਵੱਲੋਂ ਖੇਤੀਬਾੜੀ ਕਰਜ਼ਾ ਜਾਗਰੂਕਤਾ ਕੈਂਪ ਦਾ ਆਯੋਜਨ

ਚੰਡੀਗੜ੍ਹ, 13 ਫਰਵਰੀ (ਚ.ਨ.ਸ.) : ਸੈਂਟਰਲ ਬੈਂਕ ਆਫ਼ ਇੰਡੀਆ, ਖੇਤਰੀ ਦਫ਼ਤਰ, ਚੰਡੀਗੜ੍ਹ ਨੇ ਖੇਤੀਬਾੜੀ ਵਿੱਤ ਨੂੰ ਉਤਸ਼ਾਹਿਤ ਕਰਨ ਅਤੇ ਕਿਸਾਨਾਂ ਅਤੇ ਖੇਤੀਬਾੜੀ-ਉਦਮੀਆਂ ਦੀ ਸਹਾਇਤਾ ਲਈ ਰਾਏਪੁਰ ਰਾਣੀ ਵਿੱਚ ਆਪਣੇ ਸ਼ਾਖਾ ਦਫ਼ਤਰ ਵਿੱਚ ਇੱਕ ਖੇਤੀਬਾੜੀ ਕਰਜ਼ਾ ਜਾਗਰੂਕਤਾ




ਕੈਂਪ ਦਾ ਆਯੋਜਨ ਕੀਤਾ। ਕੈਂਪ ਦੀ ਅਗਵਾਈ ਸ਼੍ਰੀ ਏ.ਕੇ. ਖੰਨਾ, ਜਨਰਲ ਮੈਨੇਜਰ (ਕ੍ਰੈਡਿਟ ਕਾਰਪੋਰੇਟ), ਅਤੇ ਸ਼੍ਰੀ ਰਾਮ ਕੁਮਾਰ ਯਾਦਵ, ਖੇਤਰੀ ਮੁਖੀ, ਚੰਡੀਗੜ੍ਹ ਨੇ ਕੀਤੀ। ਸਥਾਨਕ ਪਤਵੰਤੇ ਅਤੇ ਸਵੈ-ਸਹਾਇਤਾ ਸਮੂਹ ਦੇ ਮੈਂਬਰ ਮੌਜੂਦ ਸਨ। ਕੈਂਪ ਦੌਰਾਨ, ਵੱਖ-ਵੱਖ ਖੇਤੀਬਾੜੀ ਕਰਜ਼ਾ ਯੋਜਨਾਵਾਂ ਅਤੇ ਸਮਾਜਿਕ ਸੁਰੱਖਿਆ ਯੋਜਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ, ਅਤੇ ਭਾਗੀਦਾਰਾਂ ਨਾਲ ਇੰਟਰਐਕਟਿਵ ਸੈਸ਼ਨ ਆਯੋਜਿਤ ਕੀਤੇ ਗਏ। ?509 ਲੱਖ ਦੇ ਕਰਜ਼ੇ ਮਨਜ਼ੂਰ ਕੀਤੇ ਗਏ, ਅਤੇ ਯੋਗ ਲਾਭਪਾਤਰੀਆਂ ਨੂੰ ਪ੍ਰਵਾਨਗੀ ਪੱਤਰ ਵੰਡੇ ਗਏ। ਵਾਤਾਵਰਣ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ ਇੱਕ ਰੁੱਖ ਲਗਾਉਣ ਦਾ ਪ੍ਰੋਗਰਾਮ ਵੀ ਆਯੋਜਿਤ ਕੀਤਾ ਗਿਆ।

## ਸਸ਼ਕਤ ਭਾਰਤ ਦੇ ਉਦਘਾਟਨ ਮੌਕੇ ਭਾਰਤ ਦੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦਾ ਸੰਬੋਧਨ

ਨਵੀਂ ਦਿੱਲੀ, 13 ਫਰਵਰੀ (ਚ.ਨ.ਸ.): ਮੈਨੂੰ ਬ੍ਰਹਮਾ ਕੁਮਾਰੀਆਂ ਸੰਸਥਾ ਦੁਆਰਾ ਆਯੋਜਿਤ ਰਾਸ਼ਟਰੀ ਮੁਹਿੰਮ ÷ਕਰਮ ਯੋਗ ਰਾਹੀਂ ਸਸ਼ਕਤ ਭਾਰਤ÷ ਦੀ ਸ਼ੁਰੂਆਤ ਕਰਦੇ ਹੋਏ ਖੁਸ਼ੀ ਹੋ ਰਹੀ ਹੈ। ਮੈਂ ਰਾਸ਼ਟਰੀ ਮਹੱਤਵ ਦੀ ਇਸ ਮੁਹਿੰਮ ਨੂੰ ਹਕੀਕਤ ਬਣਾਉਣ ਲਈ ਬ੍ਰਹਮਾ ਕੁਮਾਰੀ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਵਧਾਈ ਦਿੰਦਾ ਹਾਂ। ਅਸੀਂ 2047 ਤੱਕ ਆਪਣੇ ਦੇਸ਼ ਨੂੰ ਇੱਕ ਵਿਕਸਤ ਭਾਰਤ ਬਣਾਉਣ ਦਾ ਟੀਚਾ ਰੱਖਿਆ ਹੈ। ਇੱਕ ਵਿਕਸਤ ਰਾਸ਼ਟਰ ਬਣਾਉਣ ਲਈ ਰਾਜਨੀਤਿਕ ਸਥਿਰਤਾ ਅਤੇ ਇੱਕ ਮਜ਼ਬੂਤ ??ਅਰਥਵਿਵਸਥਾ ਦੇ ਨਾਲ-ਨਾਲ ਸਿਹਤਮੰਦ, ਸਿੱਖਿਅਤ ਅਤੇ ਜ਼ਿੰਮੇਵਾਰ ਨਾਗਰਿਕਾਂ ਦੀ ਲੋੜ ਹੁੰਦੀ ਹੈ, ਕਿਉਂਕਿ ਨਾਗਰਿਕਾਂ ਦੀ ਸਰਗਰਮ ਭਾਗੀਦਾਰੀ ਤੋਂ ਬਿਨਾਂ ਕਿਸੇ ਵੀ ਰਾਸ਼ਟਰੀ ਟੀਚੇ ਨੂੰ ਪ੍ਰਾਪਤ ਕਰਨਾ ਮੁਸ਼ਕਲ ਹੁੰਦਾ ਹੈ। ਕਿਸੇ ਵੀ ਦੇਸ਼ ਦੇ ਸੰਤੁਲਿਤ ਅਤੇ ਸੰਪੂਰਨ ਵਿਕਾਸ ਲਈ ਨੈਤਿਕਤਾ ਅਤੇ ਅਧਿਆਤਮਿਕਤਾ ਨੂੰ ਭੌਤਿਕ ਤਰੱਕੀ ਵਿੱਚ ਜੋੜਨਾ ਜ਼ਰੂਰੀ ਹੈ। ਆਰਥਿਕ ਤਰੱਕੀ ਖੁਸ਼ਹਾਲੀ ਨੂੰ ਵਧਾਉਂਦੀ ਹੈ, ਅਤੇ ਤਕਨੀਕੀ ਤਰੱਕੀ ਨਵੀਨਤਾ, ਕੁਸ਼ਲਤਾ ਅਤੇ ਮੁਕਾਬਲੇ




ਨੂੰ ਉਤਸ਼ਾਹਿਤ ਕਰਦੀ ਹੈ। ਇਹ ਇੱਕ ਖੁਸ਼ਹਾਲ ਰਾਸ਼ਟਰ ਦੀ ਨੀਂਹ ਰੱਖਦੇ ਹਨ। ਹਾਲਾਂਕਿ, ਨੈਤਿਕਤਾ ਤੋਂ ਰਹਿਤ ਆਰਥਿਕ ਅਤੇ ਤਕਨੀਕੀ ਵਿਕਾਸ ਸਮਾਜ ਵਿੱਚ ਅਸੰਤੁਲਨ ਪੈਦਾ ਕਰ ਸਕਦਾ ਹੈ। ਉਦਾਹਰਣ ਵਜੋਂ, ਅਨੈਤਿਕ ਆਰਥਿਕ ਤਰੱਕੀ ਦੌਲਤ ਅਤੇ ਸਰੋਤਾਂ ਦੇ ਕੇਂਦਰੀਕਰਨ, ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੇ ਸ਼ੋਸ਼ਣ ਦਾ ਕਾਰਨ ਬਣ ਸਕਦੀ ਹੈ। ਨੈਤਿਕ ਕਦਰਾਂ-ਕੀਮਤਾਂ ਤੋਂ ਬਿਨਾਂ ਤਕਨਾਲੋਜੀ ਦੀ ਵਰਤੋਂ ਮਨੁੱਖਤਾ ਲਈ ਵਿਨਾਸ਼ਕਾਰੀ ਹੋ ਸਕਦੀ ਹੈ।

ਅਧਿਆਤਮਿਕਤਾ ਸਾਨੂੰ ਕੁਝ ਬੁਨਿਆਦੀ ਮੁੱਲ ਅਤੇ ਇੱਕ ਨੈਤਿਕ ਢਾਂਚਾ ਪ੍ਰਦਾਨ ਕਰਦੀ ਹੈ ਜੋ ਸਾਨੂੰ ਕਰਮ ਯੋਗ, ਜਾਂ ਨਿਰਸਵਾਰਥ ਸੇਵਾ ਦਾ ਅਭਿਆਸ ਕਰਨ ਲਈ ਪ੍ਰੇਰਿਤ ਕਰਦੀ ਹੈ। ਅਧਿਆਤਮਿਕਤਾ ਇਮਾਨਦਾਰੀ, ਦਇਆ, ਅਹਿੰਸਾ ਅਤੇ ਦੂਜਿਆਂ ਦੀ ਸੇਵਾ ਵਰਗੇ ਗੁਣਾਂ @ਤੇ ਵੀ ਜ਼ੋਰ ਦਿੰਦੀ ਹੈ। ਇਹ ਇੱਕ ਸ਼ਾਂਤੀਪੂਰਨ ਅਤੇ ਨਿਆਂਪੂਰਨ ਸਮਾਜ ਬਣਾਉਣ ਲਈ ਜ਼ਰੂਰੀ ਸਿਧਾਂਤ ਹਨ। ਜਦੋਂ ਸਾਡੇ ਵਿਚਾਰ ਅਧਿਆਤਮਿਕ ਕਦਰਾਂ-ਕੀਮਤਾਂ 'ਤੇ ਅਧਾਰਤ ਹੁੰਦੇ ਹਨ, ਤਾਂ ਅਸੀਂ ਸਵੈ-ਹਿੱਤ ਤੋਂ ਪਰੇ ਹੋ ਕੇ ਸਾਰਿਆਂ ਦੀ ਭਲਾਈ 'ਤੇ ਵਿਚਾਰ ਕਰਨ ਦੇ ਯੋਗ ਹੁੰਦੇ ਹਾਂ।

ਦੇਸ਼ ਦੀ ਲੀਡਰਸ਼ਿਪ ਦੁਆਰਾ ਅਧਿਆਤਮਿਕਤਾ ਦੇ ਅਧਾਰ 'ਤੇ ਸਿਰਫ਼ ਪ੍ਰਸ਼ਾਸਕੀ ਫੈਸਲੇ ਲਏ ਜਾ ਸਕਦੇ ਹਨ। ਅਜਿਹੇ ਫੈਸਲੇ ਕਿਸੇ ਇੱਕ ਵਰਗ ਦੇ ਫਾਇਦੇ ਲਈ ਨਹੀਂ, ਸਗੋਂ ਸਾਰੇ ਨਾਗਰਿਕਾਂ ਦੇ ਫਾਇਦੇ ਲਈ ਹੁੰਦੇ ਹਨ। ਜਦੋਂ ਸਰਕਾਰ ਦੀਆਂ ਕਾਰਵਾਈਆਂ ਨਿਆਂਪੂਰਨ ਹੁੰਦੀਆਂ ਹਨ, ਤਾਂ ਉਹ ਆਪਣੇ ਆਪ ਹੀ ਸਮਾਜ ਵਿੱਚ ਵਿਸ਼ਵਾਸ ਅਤੇ ਸਥਿਰਤਾ ਨੂੰ ਉਤਸ਼ਾਹਿਤ ਕਰਦੀਆਂ ਹਨ।

ਭਗਵਦ ਗੀਤਾ ਸਾਨੂੰ ਆਪਣੇ ਕੰਮਾਂ ਨੂੰ ਇੱਕ ਉੱਚ ਉਦੇਸ਼ ਲਈ ਸਮਰਪਿਤ ਕਰਨ ਦਾ ਰਸਤਾ ਦਿਖਾਉਂਦੀ ਹੈ। ਗੀਤਾ ਸਿਖਾਉਂਦੀ ਹੈ ਕਿ ਅਸੀਂ ਆਪਣੇ ਫਰਜ਼ ਨਿਭਾਉਣ ਲਈ ਜ਼ਿੰਮੇਵਾਰ ਹਾਂ, ਪਰ ਸਾਨੂੰ ਆਪਣੇ ਕੰਮਾਂ ਦੇ ਨਤੀਜਿਆਂ ਨਾਲ ਜੁੜੇ ਨਹੀਂ ਰਹਿਣਾ ਚਾਹੀਦਾ। ਸਾਨੂੰ ਆਪਣੇ ਕੰਮ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਇਸਨੂੰ ਪਰਮਾਤਮਾ ਜਾਂ ਦੂਜਿਆਂ ਦੇ ਕਲਿਆਣ ਨੂੰ ਸਮਰਪਿਤ ਕਰਨਾ ਚਾਹੀਦਾ ਹੈ, ਇਸ ਚਿੰਤਾ ਤੋਂ ਬਿਨਾਂ ਕਿ ਇਹ ਸਫਲ ਹੋਵੇਗਾ ਜਾਂ ਨਹੀਂ। ਬਿਨਾਂ ਕਿਸੇ ਨਿਸਵਾਰਥ ਅਤੇ ਹੰਕਾਰ ਦੇ ਕੰਮ ਕਰਨ ਨਾਲ ਦਿਲ ਸ਼ੁੱਧ ਹੁੰਦਾ ਹੈ।

ਕਰਮ ਯੋਗ ਨਿਰਸਵਾਰਥ ਸੇਵਾ ਨਾਲ ਡੂੰਘਾ ਜੁੜਿਆ ਹੋਇਆ ਹੈ। ਸੇਵਾ ਦੀ ਭਾਵਨਾ ਨਾਲ ਕੰਮ ਕਰਨਾ ਅਤੇ ਉਨ੍ਹਾਂ ਕੰਮਾਂ ਦਾ ਫਲ ਪਰਮਾਤਮਾ ਜਾਂ ਸਮਾਜ ਨੂੰ ਭੇਟ ਕਰਨਾ ਕਰਮ ਯੋਗ ਦਾ ਸਭ ਤੋਂ ਉੱਚਾ ਰੂਪ ਮੰਨਿਆ ਜਾਂਦਾ ਹੈ। ਗੀਤਾ ਸਿਖਾਉਂਦੀ ਹੈ ਕਿ ਕੋਈ ਵੀ ਕਾਰਜ, ਭਾਵੇਂ ਕਿੰਨਾ ਵੀ ਛੋਟਾ ਹੋਵੇ ਜਾਂ ਵੱਡਾ, ਪਿਆਰ ਅਤੇ ਸਮਰਪਣ ਨਾਲ ਕੀਤਾ ਗਿਆ, ਜੇਕਰ ਨਿਰਸਵਾਰਥ ਕੀਤਾ ਜਾਵੇ ਤਾਂ ਇਹ ਸਾਰਥਕ ਹੁੰਦਾ ਹੈ। ਮਹਾਤਮਾ ਗਾਂਧੀ ਦਾ ਜੀਵਨ ਵੀ ਕਰਮ ਯੋਗ ਦੀ ਇੱਕ ਵਿਹਾਰਕ ਉਦਾਹਰਣ ਸੀ। ਉਸਨੇ ਆਪਣੇ ਜੀਵਨ ਵਿੱਚ ਕਰਮ ਯੋਗ ਦੀਆਂ ਸਿੱਖਿਆਵਾਂ ਨੂੰ ਲਾਗੂ ਕੀਤਾ ਅਤੇ, ਅਧਿਆਤਮਿਕਤਾ ਨੂੰ ਸਮਾਜਿਕ ਕਾਰਜ ਨਾਲ ਜੋੜ ਕੇ, ਆਪਣੀਆਂ ਰਾਜਨੀਤਿਕ ਗਤੀਵਿਧੀਆਂ, ਸਮਾਜ ਸੇਵਾ ਅਤੇ ਨਿੱਜੀ ਅਨੁਸ਼ਾਸਨ ਨੂੰ ਭਗਤੀ ਦੇ ਰੂਪ ਵਿੱਚ ਬਦਲ ਦਿੱਤਾ।

# ਬਰਨਾਲਾ ਵਿੱਚ ਕਾਂਗਰਸ ਖ਼ਿਲਾਫ਼ ਬੈਂਡ-ਵਾਜਿਆਂ ਨਾਲ 'ਆਪ' ਦਾ ਜ਼ੋਰਦਾਰ ਪ੍ਰਦਰਸ਼ਨ

## ਕਾਂਗਰਸ ਦੀ ਕਿਰਤੀ ਅਤੇ ਦਲਿਤ ਵਿਰੋਧੀ ਸੋਚ ਦਾ ਪਰਦਾਫਾਸ਼; ਪ੍ਰਤਾਪ ਬਾਜਵਾ ਤੁਰੰਤ ਮੁਆਫ਼ੀ ਮੰਗਣ : ਉੱਗੋਕੇ, ਭੰਗੂ




ਬਰਨਾਲਾ, 13 ਫਰਵਰੀ (ਬਘੇਲ ਸਿੰਘ ਧਾਲੀਵਾਲ) : ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਕਿਰਤੀ ਅਤੇ ਦਲਿਤ ਵਰਗ ਬਾਰੇ ਕੀਤੀ ਗਈ ਇਤਰਾਜ਼ਯੋਗ ਟਿੱਪਣੀ ਦੇ ਰੋਸ ਵਜੋਂ ਅੱਜ ਬਰਨਾਲਾ ਦੇ ਕਚਹਿਰੀ ਚੌਂਕ ਵਿਚ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਇਸ ਵੇਲੇ ਐਮ ਐਲ ਏ ਹਲਕਾ ਭਦੌੜ ਲਾਭ ਸਿੰਘ ਉਗੋਕੇ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਅਤੇ ਆਮ ਆਦਮੀ ਪਾਰਟੀ ਬਰਨਾਲਾ ਦੇ ਪ੍ਰਧਾਨ ਪਰਮਿੰਦਰ ਸਿੰਘ ਭੰਗੂ ਸਮੇਤ ਆਮ ਆਦਮੀ ਪਾਰਟੀ ਦੇ ਅਹੁਦੇਦਾਰ, ਵਰਕਰ ਮੌਜੂਦ ਸਨ। ਰੋਸ ਪ੍ਰਦਰਸ਼ਨ ਦੀ ਅਗਵਾਈ ਕਰਦਿੰਆਂ ਹਲਕਾ ਭਦੌੜ ਦੇ ਐਮ ਐਲ ਏ ਲਾਭ ਸਿੰਘ ਉਗੋਕੇ ਅਤੇ ਜ਼ਿਲ੍ਹਾ ਯੋਜਨਾ ਬੋਰਡ ਬਰਨਾਲਾ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਬਰਨਾਲਾ ਦੇ ਪ੍ਰਧਾਨ ਪਰਮਿੰਦਰ ਸਿੰਘ ਭੰਗੂ ਨੇ ਕਿਹਾ ਕਿ ਅੱਜ ਇਥੇ ਕਚਹਿਰੀ ਚੌਂਕ ਵਿੱਚ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਜੀ ਦੀ ਅਗਵਾਈ ਹੇਠ ਇਕੱਠ ਕੀਤਾ ਗਿਆ ਹੈ। ਓਨ੍ਹਾਂ ਕਿਹਾ ਕਾਂਗਰਸ ਪਾਰਟੀ ਦੀ ਕਿਰਤੀ ਅਤੇ ਦਲਿਤ ਵਿਰੋਧੀ ਸੋਚ ਅਤੇ ਦਲਿਤਾਂ ਅਤੇ ਮਿਹਨਤਕਸ਼ਾਂ ਦਾ ਮਜ਼ਾਕ ਉਡਾਉਣ ਤੇ ਕਾਂਗਰਸ ਪਾਰਟੀ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਤੁਰੰਤ ਮਾਫੀ ਮੰਗਣ। ਉਹਨਾਂ ਕਿਹਾ ਕਿ ਪ੍ਰਤਾਪ ਬਾਜਵਾ ਦੀ ਸੋਚ ਅੱਜ ਵੀ ਰਾਜੇ-ਮਹਾਰਾਜਿਆਂ ਵਾਲੀ ਹੈ। ਉਹ ਆਮ ਗਰੀਬ ਅਤੇ ਮਿਹਨਤਕਸ਼ ਲੋਕਾਂ ਨੂੰ ਇਨਸਾਨ ਨਹੀਂ ਸਗੋਂ 'ਮਟੀਰੀਅਲ' ਸਮਝਦੇ ਹਨ। ਉਨ੍ਹਾਂ ਕਿਹਾ ਕਿ ਕਦੇ ਇਹ ਕਿਰਤੀਆਂ ਨੂੰ 'ਬੈਂਡ-ਵਾਜੇ ਵਾਲੇ' ਕਹਿੰਦੇ ਹਨ ਅਤੇ ਕਦੇ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ, ਜੋ ਕਿ ਬਹੁਤ ਸ਼ਰਮਨਾਕ ਹੈ। ਵਿਧਾਇਕ ਲਾਭ ਸਿੰਘ ਉਗੋਕੇ ਨੇ ਕਿਹਾ 'ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ ਜਿੱਥੇ 'ਕਿਰਤ ਕਰੋ' ਦਾ ਸਿਧਾਂਤ ਸਭ ਤੋਂ ਉੱਪਰ ਹੈ, ਸਾਨੂੰ ਮਾਣ ਹੈ ਕਿ ਅਸੀਂ ਆਪਣੀ ਮਿਹਨਤ ਦੀ ਕਮਾਈ ਖਾਂਦੇ ਹਾਂ, ਕਾਂਗਰਸ ਵਾਂਗ ਦੇਸ਼ ਨੂੰ ਲੁੱਟ ਕੇ ਨਹੀਂ।' ਇਸ ਸਮੇਂ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਆਗੂਆਂ ਦੇ ਮਨਾਂ ਵਿੱਚ ਦਲਿਤ ਅਤੇ ਪੱਛੜੇ ਵਰਗਾਂ ਲਈ ਨਫ਼ਰਤ ਭਰੀ ਹੋਈ ਹੈ। ਉਹ ਗਰੀਬਾਂ ਦੇ ਬੱਚਿਆਂ ਨੂੰ ਵਿਧਾਨ ਸਭਾ ਵਿੱਚ ਬੈਠੇ ਬਰਦਾਸ਼ਤ ਨਹੀਂ ਕਰ ਪਾ ਰਹੇ, ਇਸੇ ਲਈ ਬੌਖਲਾਹਟ ਵਿੱਚ ਆ ਕੇ ਅਜਿਹੀਆਂ ਬੇਤੁਕੀਆਂ ਬਿਆਨਬਾਜ਼ੀਆਂ ਕਰ ਰਹੇ ਹਨ। 'ਆਪ' ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਪ੍ਰਤਾਪ ਸਿੰਘ ਬਾਜਵਾ ਨੇ ਆਪਣੇ ਸ਼ਬਦ ਵਾਪਸ ਲੈਂਦੇ ਹੋਏ ਪੰਜਾਬ ਦੇ ਕਿਰਤੀ ਵਰਗ ਤੋਂ ਤੁਰੰਤ ਮੁਆਫੀ ਨਾ ਮੰਗੀ, ਤਾਂ ਆਉਣ ਵਾਲੇ ਦਿਨਾਂ ਵਿੱਚ ਕਾਂਗਰਸ ਖ਼ਿਲਾਫ਼ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਉਨ੍ਹਾਂ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਪਾਰਟੀ ਵਰਕਰਾਂ ਨੇ ਕਾਂਗਰਸ ਹਾਈਕਮਾਂਡ ਅਤੇ ਪ੍ਰਤਾਪ ਬਾਜਵਾ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ।

# ਮਾਨਸਿਕ ਸਿਹਤ ਵਿੱਚ ਟੈਲੀ-ਮਾਨਸ ਨਿਭਾਅ ਰਹੀ ਹੈ ਅਹਿਮ ਭੂਮਿਕਾ : ਸਿਵਲ ਸਰਜਨ



ਬਰਨਾਲਾ, 13 ਫਰਵਰੀ (ਬਘੇਲ ਸਿੰਘ ਧਾਲੀਵਾਲ) : ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਹੁਕਮਾਂ ਅਤੇ ਡਾਇਰੈਕਟਰ ਸਿਹਤ ਵਿਭਾਗ ਪੰਜਾਬ ਦੇ ਪੱਤਰ ਅਨੁਸਾਰ ਮਾਨਸਿਕ ਸਿਹਤ ਸਮੱਸਿਆਵਾਂ ਦੇ ਹੱਲ ਲਈ ਟੌਲ ਫਰੀ ਹੈਲਪਲਾਈਨ ਨੰਬਰ 1800- 89- 14416 ਜਾਂ 14416 ਰਾਹੀਂ ਇਲਾਜ ਬਾਰੇ ਮੁਫ਼ਤ ਜਾਣਕਾਰੀ ਹਾਸਲ ਕਰ ਸਕਦੇ ਹਾਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਸਿੱਧੂ ਵੱਲੋਂ ਕੀਤਾ ਗਿਆ।

ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਕੇ ਮਾਨਸਿਕ ਤੰਦਰੁਸਤੀ ਲਈ ਸਰਕਾਰ ਦੁਆਰਾ 10 ਅਕਤੂਬਰ 2022 ਨੂੰ ਟੈਲੀ- ਮਾਨਸ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਸੀ।

ਡਾ. ਗਗਨਦੀਪ ਸਿੰਘ ਸੇਖੋਂ ਅਤੇ ਡਾ. ਲਿਪਸੀ ਮੋਦੀ ਮਾਨਸਿਕ ਰੋਗਾਂ ਦੇ ਮਾਹਿਰ ਜ਼ਿਲ੍ਹਾ ਨੋਡਲ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਉਪਭੋਗਤਾ ਘਰ ਬੈਠੇ, ਇਸ ਸੇਵਾ ਦਾ ਮੁਫ਼ਤ ਲਾਭ ਉਠਾ ਸਕਦੇ ਹਨ। ਕਾਲ ਕਰਨ ਵਾਲੇ ਦੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ। ਟੈਲੀ-ਮਾਨਸ ਦੀ ਆਪਣੀ ਮੋਬਾਇਲ ਐਪ ਹੈ, ਜਿਸ ਵਿੱਚ ਕਈ ਤਰ੍ਹਾਂ ਦੀਆਂ ਮਾਨਸਿਕ ਸਿਹਤ ਸਮੱਸਿਆਵਾਂ ਜਿਵੇਂ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਉਦਾਸੀ, ਚਿੰਤਾ, ਨੀਂਦ ਨਾ ਆਉਣਾ, ਤਣਾਅ, ਵਹਿਮ ਭਰਮ, ਪ੍ਰੀਖਿਆ ਤਣਾਅ, ਵਿੱਤੀ ਤਣਾਅ, ਸੰਕਟ ਪ੍ਰਬੰਧਨ, ਪਰਿਵਾਰਕ ਮੁੱਦਿਆਂ ਬਾਰੇ ਅਤੇ ਆਪਣੇ ਆਪ ਨੂੰ ਮਾਰਨ ਦੇ ਵਿਚਾਰ ਆਦਿ ਬਾਰੇ ਸਲਾਹ ਮਸ਼ਵਰਾ ਫੋਨ ਕਾਲ ਰਾਹੀਂ ਪ੍ਰਦਾਨ ਕੀਤਾ ਜਾਂਦਾ ਹੈ। ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਕੁਲਦੀਪ ਸਿੰਘ ਮਾਨ ਅਤੇ ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਹਰਜੀਤ ਸਿੰਘ ਅਤੇ ਸੁਖਪਾਲ ਸਿੰਘ ਸਹਾਇਕ ਨੇ ਦੱਸਿਆ ਕਿ ਟੈਲੀ-ਮਾਨਸ ਟੌਲ ਫਰੀ ਨੰਬਰ ਰਾਹੀਂ ਉਪਭੋਗਤਾ ਆਪਣੀ ਮਾਨਸਿਕ ਸਿਹਤ ਸਬੰਧੀ ਚਿੰਤਾਵਾਂ ਦੇ ਅਨੁਸਾਰ ਸਲਾਹਕਾਰਾਂ, ਸਮਾਜ ਸੇਵਕਾਂ ਅਤੇ ਮਨੋਵਿਗਿਆਨੀਆਂ ਨਾਲ ਜੁੜ ਸਕਦੇ ਹਨ। ਟੈਲੀ-ਮਾਨਸ ਲੋੜ ਪੈਣ 'ਤੇ ਵਿਅਕਤੀਗਤ ਸੇਵਾਵਾਂ ਵੀ ਪ੍ਰਦਾਨ ਕਰਦਾ ਹੈ। ਇਸ ਰਾਹੀਂ ਵੀਡੀਓ ਕਾਲ ਰਾਹੀਂ ਦਵਾਈ ਬਾਰੇ ਜਾਣਕਾਰੀ ਲਈ ਜਾ ਸਕਦੀ ਹੈ।

# ਕੇਂਦਰੀ ਬਜਟ 'ਚ ਪੰਜਾਬ ਦੀ ਅਣਦੇਖੀ, ਕਿਸਾਨੀ ਅਤੇ ਜਵਾਨੀ 'ਤੇ ਮਾਰ ਵਿਰੁੱਧ ਸੰਸਦ 'ਚ ਗਰਜੇ ਮੀਤ ਹੇਅਰ

## ਕਿਹਾ, ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬ ਦਾ ਬਜਟ ਵਿੱਚ ਜ਼ਿਕਰ ਤੱਕ ਨਾ ਹੋਣਾ ਬਹੁਤ ਮੰਦਭਾਗਾ



ਬਰਨਾਲਾ, 13 ਫਰਵਰੀ (ਚਮਕੌਰ ਸਿੰਘ ਗੱਗੀ) : ਲੋਕ ਸਭਾ ਮੈਂਬਰ ਸੰਗਰੂਰ ਗੁਰਮੀਤ ਸਿੰਘ ਮੀਤ ਹੇਅਰ ਨੇ ਸਦਨ ਵਿੱਚ ਬੋਲਦਿਆਂ ਕੇਂਦਰ ਸਰਕਾਰ ਵਲੋਂ ਪੇਸ਼ ਤੀਜੇ ਬਜਟ ਵਿੱਚ ਪੰਜਾਬ ਨੂੰ ਲਗਾਤਾਰ ਅਣਗੌਲਿਆਂ ਕਰਨ 'ਤੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਕਿਹਾ ਕਿ ਪੰਜਾਬ, ਜੋ ਦੇਸ਼ ਦਾ ਸਿਰਫ 1.5% ਖੇਤਰਫਲ ਹੋਣ ਦੇ ਬਾਵਜੂਦ ਕੇਂਦਰੀ ਅੰਨ ਭੰਡਾਰ ਵਿੱਚ 40% ਕਣਕ ਅਤੇ 26% ਝੋਨੇ ਦਾ ਯੋਗਦਾਨ ਪਾਉਂਦਾ ਹੈ, ਉਸ ਦਾ ਬਜਟ ਵਿੱਚ ਜ਼ਿਕਰ ਤੱਕ ਨਹੀਂ ਕੀਤਾ ਗਿਆ। ਓਨ੍ਹਾਂ ਕਿਹਾ ਕਿ ਇਹ ਘਰ ਦੇ ਕਮਾਊ ਪੁੱਤ ਨੂੰ ਵਿਸਾਰਨ ਵਾਲੀ ਗੱਲ ਹੈ।

ਮੀਤ ਹੇਅਰ ਨੇ ਪੰਜਾਬ ਦੇ ਭਖਦੇ ਮਸਲਿਆਂ 'ਤੇ ਕੇਂਦਰ ਸਰਕਾਰ ਨੂੰ ਘੇਰਦਿਆਂ ਕਿਸਾਨੀ ਅਤੇ ਐਮ.ਐਸ.ਪੀ. ਦੀ ਅਣਦੇਖੀ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਬਜਟ ਵਿੱਚ ਨਾ ਤਾਂ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦਾ ਕੋਈ ਜ਼ਿਕਰ ਹੈ ਅਤੇ ਨਾ ਹੀ ਫਸਲੀ ਵਿਭਿੰਨਤਾ ਲਈ ਕਿਸੇ ਪੈਕੇਜ ਦਾ ਐਲਾਨ ਕੀਤਾ ਗਿਆ ਹੈ। ਓਨ੍ਹਾਂ ਦੋਸ਼ ਲਾਇਆ ਕਿ ਕੇਂਦਰ ਦੀਆਂ ਨੀਤੀਆਂ ਸਿੱਧੇ ਤੌਰ 'ਤੇ ਪੰਜਾਬ ਦੀ ਕਿਸਾਨੀ ਨੂੰ ਖਤਮ ਕਰਨ ਵਾਲੀਆਂ ਹਨ। ਓਨ੍ਹਾਂ 'ਜੈ ਜਵਾਨ, ਜੈ ਕਿਸਾਨ' ਦੇ ਨਾਅਰੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਕੇਂਦਰ ਦੀ 'ਅਗਨੀਵੀਰ' ਨੀਤੀ ਕਾਰਨ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਧੁੰਦਲਾ ਹੋ ਗਿਆ ਹੈ। ਪਿਛਲੇ ਤਿੰਨ ਸਾਲਾਂ ਵਿੱਚ ਫੌਜ ਵਿੱਚ ਪੰਜਾਬ ਦੀ ਭਰਤੀ 7.7% ਤੋਂ ਘਟ ਕੇ ਮਹਿਜ਼ 2% ਰਹਿ ਗਈ ਹੈ। ਮੀਤ ਹੇਅਰ ਨੇ ਅਮਰੀਕਾ ਨਾਲ ਕੀਤੇ ਜਾ ਰਹੇ ਖੇਤੀ ਅਤੇ ਨਿਵੇਸ਼ ਸਮਝੌਤਿਆਂ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਤਰਕ ਦਿੱਤਾ ਕਿ ਭਾਰਤੀ ਕਿਸਾਨ ਨੂੰ ਸਾਲਾਨਾ ਮਹਿਜ਼ 6,000 ਰੁਪਏ (ਲੱਗਭੱਗ 6% ਸਬਸਿਡੀ) ਮਿਲਦੀ ਹੈ, ਜਦਕਿ ਅਮਰੀਕੀ ਕਿਸਾਨ ਨੂੰ ਲੱਖਾਂ ਰੁਪਏ ਦੀ ਸਬਸਿਡੀ ਮਿਲਦੀ ਹੈ। ਅਜਿਹੀ ਹਾਲਤ ਵਿੱਚ ਸਾਡਾ ਕਿਸਾਨ ਵਿਦੇਸ਼ੀ ਕਿਸਾਨ ਨਾਲ ਮੁਕਾਬਲਾ ਨਹੀਂ ਕਰ ਸਕੇਗਾ ਅਤੇ ਇਹ ਸਮਝੌਤੇ ਆਉਣ ਵਾਲੇ ਸਮੇਂ ਵਿੱਚ ਕਣਕ-ਝੋਨੇ ਦੀ ਖੇਤੀ ਨੂੰ ਵੀ ਰੋਲ ਦੇਣਗੇ। ਉਨ੍ਹਾਂ ਕਿਤਾਬ ਇੰਨ ਸਰਵਿਸ ਆਫ ਫ੍ਰੀ ਇੰਡੀਆ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਕਿ ਪੰਜਾਬ ਦੀ ਇੰਡਸਟਰੀ ਕਾਲੇ ਦੌਰ ਵਿੱਚ ਬਾਕੀ ਸੂਬਿਆਂ ਨਾਲੋਂ ਜ਼ਿਆਦਾ ਵਧੀ-ਫੁੱਲੀ ਸੀ, ਪਰ ਗੁਆਂਢੀ ਪਹਾੜੀ ਸੂਬਿਆਂ ਨੂੰ ਟੈਕਸਾਂ ਵਿੱਚ ਛੋਟਾਂ ਦੇ ਕੇ ਕੇਂਦਰ ਨੇ ਪੰਜਾਬ ਦੇ ਉਦਯੋਗਾਂ ਨੂੰ ਉਜਾੜ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਨੂੰ ਸਰਹੱਦੀ ਸੂਬਾ ਹੋਣ ਦੇ ਨਾਤੇ ਉਦਯੋਗਿਕ ਵਿਕਾਸ ਲਈ ਵਿਸ਼ੇਸ਼ ਪੈਕੇਜ ਦਿੱਤਾ ਜਾਵੇ।

# ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈਲਫ਼ੇਅਰ ਕਲੱਬ ਦਾ 26ਵਾਂ ਰਾਜ-ਪੱਧਰੀ ਅਕਾਦਮਿਕ ਅਤੇ ਖੇਡ ਪੁਰਸਕਾਰ ਸਮਾਰੋਹ 22 ਨੂੰ



ਬਰਨਾਲਾ, 13 ਫਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈਲਫੇਅਰ ਕਲੱਬ (ਰਜਿ.), ਬਰਨਾਲਾ ਦਾ 26ਵਾਂ ਰਾਜ-ਪੱਧਰੀ ਅਕਾਦਮਿਕ ਅਤੇ ਖੇਡ ਪੁਰਸਕਾਰ ਸਮਾਰੋਹ 22 ਫਰਵਰੀ ਨੂੰ ਹੋਵੇਗਾ। ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈਲਫੇਅਰ ਕਲੱਬ ਦੇ ਪ੍ਰਧਾਨ ਵਿਨੋਦ ਸ਼ਰਮਾ, ਸਰਪ੍ਰਸਤ ਰਾਮਪਾਲ ਸਿੰਗਲਾ ਅਤੇ ਚੇਅਰਮੈਨ ਸੁਭਾਸ਼ ਮਿੱਤਲ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਉਨ੍ਹਾਂ ਦਾ ਕਲੱਬ 22 ਫਰਵਰੀ ਨੂੰ ਰਾਇਲ ਗ੍ਰੀਨ ਪੈਲੇਸ, ਧਨੌਲਾ ਰੋਡ, ਬਰਨਾਲਾ ਵਿਖੇ ਇਸ ਸਮਾਗਮ ਦਾ ਆਯੋਜਨ ਬਹੁਤ ਧੂਮਧਾਮ ਨਾਲ ਕਰ ਰਿਹਾ ਹੈ। ਪੂਰੇ ਪ੍ਰੋਗਰਾਮ ਦੀ ਰੂਪ-ਰੇਖਾ ਤਿਆਰ ਕਰਨ ਲਈ ਇੱਕ ਮੀਟਿੰਗ ਕੀਤੀ ਗਈ। ਕਲੱਬ ਦੇ ਜਨਰਲ ਸਕੱਤਰ ਹਰੀਸ਼ ਬਾਂਸਲ, ਪੀ.ਆਰ.ਓ ਰਾਜਿੰਦਰ ਰਿੰਪੀ ਅਤੇ ਪ੍ਰੋਜੈਕਟ ਚੇਅਰਮੈਨ ਸੰਜੀਵ ਸ਼ਰਮਾ ਨੇ ਦੱਸਿਆ ਕਿ ਸੰਗਰੂਰ ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਇਸ ਸਮਾਗਮ ਵਿੱਚ ਪੁਰਸਕਾਰ ਪ੍ਰਦਾਨ ਕਰਨਗੇ। ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿੱਚ ਪੰਜਾਬ ਭਰ ਤੋਂ 8ਵੀਂ, 10ਵੀਂ ਅਤੇ ਬੀ ਜਮਾਤ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ ਅਤੇ ਬਰਨਾਲਾ ਜ਼ਿਲ੍ਹੇ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਲੱਗਭੱਗ 250 ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ, ਜਿਨ੍ਹਾਂ ਨੇ 10ਵੀਂ ਅਤੇ 12ਵੀ ਜਮਾਤ ਵਿੱਚ 90% ਅੰਕ ਪ੍ਰਾਪਤ ਕੀਤੇ ਹਨ। ਇਸ ਸਮਾਗਮ ਵਿੱਚ ਰਾਜ ਅਤੇ ਰਾਸ਼ਟਰੀ ਪੱਧਰ 'ਤੇ ਖੇਡਾਂ ਵਿਚੋਂ ਤਗ਼ਮੇ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਖਿਡਾਰੀਆਂ ਨੂੰ ਵਿਸ਼ੇਸ਼ ਤਰੀਕੇ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਸਮਾਗਮ ਵਿੱਚ ਕਈ ਹੋਰ ਪ੍ਰਮੁੱਖ ਸ਼ਖਸੀਅਤਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਸਕੂਲ ਦੇ ਵਿਦਿਆਰਥੀ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕਰਨਗੇ। ਮੀਟਿੰਗ ਵਿੱਚ ਪਿਆਰਾ ਲਾਲ ਰਾਏਸਰ ਵਾਲੇ, ਦਿਨੇਸ਼ ਸਿੰਗਲਾ, ਰਾਕੇਸ਼ ਸਿੰਗਲਾ, ਸ਼ੀਤਲ ਬਜੀਦਕੇ, ਸੇਵਕ ਭੰਮ, ਰਾਜਵਿੰਦਰ ਪਟਵਾਰੀ, ਵਿਮਲ ਸ਼ਰਮਾ, ਰਜਿੰਦਰ ਕੁਮਾਰ, ਸੁਰੇਸ਼ ਭੋਤਨਾ, ਨਰਿੰਦਰ ਨੀਟੀ, ਰਵੀ ਜਿੰਦਲ, ਬੰਟੀ ਗਰੋਵਰ, ਅਸ਼ਵਨੀ ਮਦਾਨ ਆਦਿ ਮੌਜੂਦ ਸਨ।

# ਮਾਰੂ ਬਿਮਾਰੀਆਂ ਤੋਂ ਬਚਾਅ ਲਈ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਜ਼ਰੂਰੀ : ਡਾ. ਸਿੱਧੂ



ਬਰਨਾਲਾ, 13 ਫਰਵਰੀ (ਚਮਕੌਰ ਸਿੰਘ ਗੱਗੀ ) : ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਸਿਹਤ ਵਿਭਾਗ ਵੱਲੋਂ ਸਪੈਸ਼ਲ ਕੈਂਪ ਲਗਾ ਕੇ ਟੀਕਾਕਰਨ ਹਫ਼ਤਾ ਮਨਾਇਆ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਸਿੱਧੂ ਵੱਲੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਬਰਨਾਲਾ ਜ਼ਿਲ੍ਹੇ ਦੇ ਝੁੱਗੀ ਝੌਂਪੜੀ ਅਤੇ ਅਰਬਨ ਏਰੀਏ ਵਿੱਚ ਚਲਾਈ ਜਾ ਰਹੀ ਹੈ। ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਹਰਜੀਤ ਸਿੰਘ ਨੇ ਦੱਸਿਆ ਕਿ ਟੀਕਾਕਰਨ ਨਾਲ ਬਹੁਤ ਸਾਰੀਆਂ ਮਾਰੂ ਬਿਮਾਰੀਆਂ ਜਿਵੇਂ ਕਿ ਪੋਲਿਓ ਆਦਿ ਤੋਂ ਮੁਕਤੀ ਪਾਈ ਗਈ ਹੈ। ਟੀਕਾਕਰਨ ਨਾਲ ਹੀ ਬੱਚਿਆਂ ਦੀਆਂ ਮਾਰੂ ਬਿਮਾਰੀਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਵਿਸ਼ੇਸ਼ ਟੀਕਾਕਰਨ ਹਫ਼ਤੇ ਦੌਰਾਨ ਉਨ੍ਹਾਂ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਜਾਵੇਗਾ ਜੋ ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹਿ ਗਏ ਸਨ। ਇਸ ਤੋਂ ਇਲਾਵਾ ਪ੍ਰਵਾਸੀ ਅਬਾਦੀ ਦੇ ਵਾਂਝੇ ਰਹਿ ਗਏ ਲਾਭਪਾਤਰੀਆਂ ਦਾ ਟੀਕਾਕਰਨ ਵੀ ਕੀਤਾ ਜਾਵੇਗਾ। ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਕੁਲਦੀਪ ਸਿੰਘ ਮਾਨ, ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਹਰਜੀਤ ਸਿੰਘ, ਟੀਕਾਕਰਨ ਸਹਾਇਕ ਗੁਰਦੀਪ ਸਿੰਘ ਨੇ ਦੱਸਿਆ ਕਿ ਟੀਕਾਕਰਨ ਦੀ ਸਫ਼ਲਤਾ ਲਈ ਵਿਸ਼ੇਸ਼ ਸ਼ੈਸ਼ਨ ਲਗਾਏ ਜਾ ਰਹੇ ਹਨ। ਜ਼ਿਲ੍ਹਾ ਬਰਨਾਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਟੀਕਾਕਰਨ ਮੁਹਿੰਮ ਵਿਚ ਸ਼ਾਮਲ ਹੋਣ ਅਤੇ ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਜ਼ਰੂਰ ਕਰਵਾਇਆ ਜਾਵੇ ਤਾਂ ਜੋ ਬੱਚਿਆਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਇਸ ਵਿਸ਼ੇਸ਼ ਹਫ਼ਤੇ ਸਬੰਧੀ ਆਮ ਲੋਕਾਂ ਨੂੰ ਸਿਹਤ ਵਿਭਾਗ ਵੱਲੋਂ ਜਾਗਰੂਕ ਕੀਤਾ ਜਾ ਰਿਹਾ ਹੈ।

# ਸ਼ੇਰਪੁਰ ਵਿੱਚ ਇੱਕ ਰੋਜ਼ ਮੂਰਤੀਕਲਾ ਵਰਕਸ਼ਾਪ : ਵਾਈ.ਐਸ ਕਾਲਜ ਵੱਲੋਂ ਨੌਜਵਾਨ ਕਲਾਕਾਰਾਂ ਨੂੰ ਪ੍ਰੇਰਣਾ



ਬਰਨਾਲਾ, 13 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਵਾਈ.ਐਸ ਕਾਲਜ ਨੂੰ ਸਾਲ ਦਾ ਸਭ ਤੋਂ ਉਭਰਦਾ ਉੱਚ ਸਿੱਖਿਆ ਸੰਸਥਾਨ ਵਜੋਂ ਮਾਨਤਾ ਮਿਲੀ ਹੈ। 12 ਫ਼ਰਵਰੀ ਨੂੰ ਵਾਈ.ਐਸ ਕਾਲਜ, ਹੰਡੀਾਇਆ ਵੱਲੋਂ ਸ਼ੇਰਪੁਰ ਵਿੱਚ ਇਕ ਦਿਵਸੀ ਮੂਰਤੀਕਲਾ ਵਰਕਸ਼ਾਪ ਦਾ ਸਫਲ ਆਯੋਜਨ ਕੀਤਾ ਗਿਆ, ਜੋ ਰਚਨਾਤਮਕ ਉਤਕ੍ਰਿਸ਼ਟਤਾ ਨੂੰ ਪ੍ਰੋਤਸਾਹਿਤ ਕਰਨ ਦੇ ਇਸਦੇ ਲਗਾਤਾਰ ਯਤਨਾਂ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਸਾਬਤ ਹੋਇਆ। ਲੱਗਭੱਗ 60-70 ਉਤਸ਼ਾਹੀ ਵਿਦਿਆਰਥੀਆਂ ਨੇ ਇਸ ਕਲਾਤਮਕ ਪਹਿਲ ਵਿੱਚ ਸਰਗਰਮ ਭਾਗ ਲਿਆ, ਜਿਸ ਨਾਲ ਇਹ ਕਾਰਜਕ੍ਰਮ ਰਚਨਾਤਮਕਤਾ ਅਤੇ ਨਵਚੇਤਨਾ ਦਾ ਜੀਵੰਤ ਜਸ਼ਨ ਬਣ ਗਿਆ। ਇਸ ਵਰਕਸ਼ਾਪ ਨੇ ਵਿਦਿਆਰਥੀਆਂ ਨੂੰ ਵਾਸਤਵਿਕ ਅਨੁਭਵ ਰਾਹੀਂ ਮੂਰਤੀਕਲਾ ਦੀ ਕਲਾ ਨੂੰ ਜਾਨਣ ਦਾ ਸੁਨਹਿਰਾ ਮੌਕਾ ਪ੍ਰਦਾਨ ਕੀਤਾ। ਇਹ ਰਚਨਾਤਮਕ ਪਹਿਲ ਕਲਾਤਮਕ ਪ੍ਰਤਿਭਾ ਨੂੰ ਨਿਖਾਰਨ ਅਤੇ ਤਿੰਨ ਆਯਾਮੀ ਕਲਾ ਦੀ ਸੁੰਦਰਤਾ ਨੂੰ ਦੁਬਾਰਾ ਜੀਵੰਤ ਕਰਨ ਲਈ ਸਮਰਪਿਤ ਸੀ। ਇਸ ਯਾਤਰਾ ਦਾ ਉਦੇਸ਼ ਨੌਜਵਾਨ ਮਨਾਂ ਅਤੇ ਕਲਾ ਪ੍ਰੇਮੀਆਂ ਨੂੰ ਮੂਰਤੀਕਲਾ ਦੀ ਸ਼ਕਤੀਸ਼ਾਲੀ ਦੁਨੀਆਂ ਨਾਲ ਜਾਣੂੰ ਕਰਵਾਉਣਾ ਸੀ, ਜਿੱਥੇ ਕਲਪਨਾ ਮਿੱਟੀ, ਸਾਜ਼ੋ-ਸਮਾਨ ਅਤੇ ਨਿਪੁੰਨ ਹੱਥਾਂ ਰਾਹੀਂ ਆਕਾਰ ਲੈਂਦੀ ਹੈ। ਇਹ ਵਰਕਸ਼ਾਪ ਸਿਰਫ਼ ਤਕਨੀਕਾਂ ਸਿੱਖਣ ਤੱਕ ਸੀਮਿਤ ਨਹੀਂ ਸੀ, ਬਲਕਿ ਆਪਣੇ ਅੰਦਰ ਦੀ ਰਚਨਾਤਮਕਤਾ ਨੂੰ ਖੋਜਣ ਦਾ ਮਾਧਿਅਮ ਸੀ। ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ ਮੂਰਤੀਕਲਾ ਦੇ ਮੂਲ ਸਿਧਾਂਤਾਂ ਨਾਲ ਜਾਣੂ ਕਰਵਾਇਆ ਗਿਆ। ਉਨ੍ਹਾਂ ਨੇ ਮਿੱਟੀ ਨਾਲ ਹੱਥੋਂ-ਹੱਥ ਮਾਡਲਿੰਗ ਸੈਸ਼ਨ ਵਿੱਚ ਭਾਗ ਲਿਆ, ਜਿੱਥੇ ਉਨ੍ਹਾਂ ਨੇ ਤਿੰਨ ਆਯਾਮੀ ਸਥਾਨ ਵਿੱਚ ਆਕਾਰ, ਬਣਤਰ ਅਤੇ ਅਨੁਪਾਤਾਂ ਨੂੰ ਸਮਝਿਆ। ਭਾਗੀਦਾਰਾਂ ਨੂੰ ਬੁਨਿਆਦੀ ਮੂਰਤੀਕਲਾ ਸਾਜ਼ੋ-ਸਮਾਨ ਅਤੇ ਤਕਨੀਕਾਂ ਬਾਰੇ ਮਾਰਗਦਰਸ਼ਨ ਦਿੱਤਾ ਗਿਆ, ਨਾਲ ਹੀ ਇਕ ਅਨੁਭਵੀ ਕਲਾਕਾਰ ਵੱਲੋਂ ਜੀਵੰਤ ਪ੍ਰਦਰਸ਼ਨ ਵੀ ਕੀਤਾ ਗਿਆ। ਰਚਨਾਤਮਕ ਸੰਵਾਦ ਅਤੇ ਕਲਾਤਮਕ ਚਰਚਾਵਾਂ ਨੇ ਵਿਦਿਆਰਥੀਆਂ ਨੂੰ ਵਿਚਾਰ ਸਾਂਝੇ ਕਰਨ, ਆਪਣੀਆਂ ਕੌਸ਼ਲਤਾਵਾਂ ਨੂੰ ਨਿਖਾਰਨ ਅਤੇ ਆਪਣੀ ਕਲਾਤਮਕ ਦ੍ਰਿਸ਼ਟੀ ਨੂੰ ਆਤਮਵਿਸ਼ਵਾਸ ਨਾਲ ਪ੍ਰਗਟ ਕਰਨ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਜੋਸ਼ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਕਾਲਜ ਕੌਸ਼ਲ ਵਿਕਾਸ, ਰਚਨਾਤਮਕਤਾ ਅਤੇ ਅਨੁਭਵੀ ਸਿੱਖਿਆ ਨੂੰ ਪ੍ਰੋਤਸਾਹਿਤ ਕਰਨ ਲਈ ਮੰਚ ਪ੍ਰਦਾਨ ਕਰਨ ਲਈ ਸਦਾ ਸਮਰਪਿਤ ਹੈ। ਉਨ੍ਹਾਂ ਨੇ ਆਯੋਜਕ ਟੀਮ ਨੂੰ ਵਰਕਸ਼ਾਪ ਦੀ ਸਫਲ ਆਯੋਜਨਾ ਲਈ ਵਧਾਈ ਦਿੱਤੀ। ਵਾਈਸ ਪ੍ਰਿੰਸੀਪਲ ਵੀ. ਪੀ. ਸਿੰਗਲਾ ਨੇ ਕਿਹਾ ਕਿ ਅਜਿਹੀਆਂ ਪਹਿਲਾਂ ਸੰਪੂਰਨ ਵਿਅਕਤਿਤਵ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਕਲਾਤਮਕ ਅਨੁਭਵ ਧੀਰਜ, ਨਿਰੀਖਣ ਸਮਰੱਥਾ ਅਤੇ ਆਤਮ-ਅਭਿਵੈਕਤੀ ਨੂੰ ਵਿਕਸਿਤ ਕਰਦਾ ਹੈ। ਸ਼ੇਰਪੁਰ ਵਿੱਚ ਇਕ ਦਿਵਸੀ ਮੂਰਤੀਕਲਾ ਵਰਕਸ਼ਾਪ ਪ੍ਰੇਰਣਾਦਾਇਕ ਮਾਹੌਲ ਵਿੱਚ ਸੰਪੰਨ ਹੋਈ, ਜਿਸ ਨਾਲ ਵਿਦਿਆਰਥੀ ਉਤਸ਼ਾਹਿਤ ਅਤੇ ਕਲਾਤਮਕ ਤੌਰ 'ਤੇ ਸਮਰੱਥ ਬਣੇ। ਇੱਕ ਵਾਰ ਫਿਰ ਵਾਈਐਸ ਕਾਲਜ ਨੇ ਸਾਬਤ ਕੀਤਾ ਕਿ ਉਹ ਸਾਲ ਦਾ ਸਭ ਤੋਂ ਉਭਰਦਾ ਉੱਚ ਸਿੱਖਿਆ ਸੰਸਥਾਨ ਕਿਉਂ ਕਹਾਇਆ ਜਾਂਦਾ ਹੈ,ਜੋ ਰਚਨਾਤਮਕਤਾ, ਨਵਚੇਤਨਾ ਅਤੇ ਸਿੱਖਿਆ ਨੂੰ ਮਿਲਾ ਕੇ ਉੱਜਲੇ ਭਵਿੱਖ ਦੀ ਰਚਨਾ ਕਰ ਰਿਹਾ ਹੈ।

# ਪ੍ਰਾਚੀਨ ਸ਼ਿਵਧਾਮ ਮੰਦਰ ਵਿਖੇ ਤੀਸਰੇ ਸ਼੍ਰੀ ਮੱਦ ਭਾਗਵਤ ਕਥਾ ਗਿਆਨ ਯੱਗ ਦਾ ਕਾਰਡ ਰਿਲੀਜ਼



ਬਰਨਾਲਾ, 13 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਪ੍ਰਾਚੀਨ ਸ਼ਿਵਧਾਮ ਮੰਦਰ 22 ਏਕੜ ਕਲੋਨੀ ਬਰਨਾਲਾ ਵਿਖੇ ਹੋਣ ਜਾ ਰਹੇ ਤੀਸਰੇ ਸ਼ਾਨਦਾਰ ਸ਼੍ਰੀ ਮੱਦਭਾਗਵਤ ਕਥਾ ਗਿਆਨ ਯੱਗ ਦਾ ਕਾਰਡ ਰਿਲੀਜ਼ ਕੀਤਾ ਗਿਆ। ਇਸ ਮੌਕੇ ਕੇਵਲ ਕ੍ਰਿਸ਼ਨ ਗਰਗ, ਕ੍ਰਿਸ਼ਨ ਗਰਗ ਐਮ ਡੀ ਦਿਵਿਆ ਭੂਮੀ ਕਲੋਨੀ ਹੰਡਿਆਇਆ ਰੋਡ, ਦੀਪਕ ਸੋਨੀ ਬਾਂਸਲ ਐਮ ਡੀ ਆਸਥਾ ਇਨਕਲੇਵ, ਸ਼ਸੀ ਚੋਪੜਾ ਐਮ ਡੀ ਇੰਦਰ ਲੋਕ ਐਵਨਿਊ ਨੇ ਸਾਂਝੇ ਤੌਰ 'ਤੇ ਰਿਲੀਜ਼ ਕੀਤਾ। ਮੰਦਰ ਕਮੇਟੀ ਦੇ ਪ੍ਰਧਾਨ ਸੁਰੇਸ਼ ਕੁਮਾਰ ਕਾਲਾ (ਤਪੇ ਵਾਲੇ), ਸੁਸ਼ੀਲ ਭਾਰਤੀ , ਅਸ਼ੋਕ ਤਾਇਲ , ਵਿਕਾਸ ਸਿੰਗਲਾ, ਰਾਮ ਲਾਲ ਬਦਰਾ, ਰਜਿੰਦਰ ਕੁਮਾਰ,ਰਕੇਸ਼ ਕੁਮਾਰ ਨੇ ਦੱਸਿਆ ਕਿ ਮਿਤੀ 21 ਫਰਵਰੀ 2026 ਨੂੰ ਕਲਸ ਸੋਭਾ ਯਾਤਰਾ ਹੋਵੇਗੀ, ਜੋ ਕਿ ਸ਼੍ਰੀ ਰਾਧਾ ਕ੍ਰਿਸ਼ਨ ਬੰਸੀ ਵਾਲੇ ਬਾਬਾ ਮੰਦਰ (ਪੁਰਾਣੀ ਗਊਸ਼ਾਲਾ) ਤੋਂ ਰਵਾਨਾ ਹੋ ਕੇ ਸ਼ਿਵਧਾਮ ਮੰਦਰ 22 ਏਕੜ ਵਿਖੇ ਪਹੁੰਚੇਗੀ । ਇਸ ਕਲਸ ਯਾਤਰਾ ਵਿੱਚ 108 ਮਹਿਲਾਵਾਂ ਕਲਸ਼ ਸਜਾਉਣਗੀਆਂ। 22 ਫ਼ਰਵਰੀ ਨੂੰ ਕਥਾ ਵਿਆਸ ਕਥਾ ਵਾਚਕ ਪਰਮ ਸ਼ਰਦੇਯ ਭਾਗਵਤ ਭੂਸਨ ਸ਼੍ਰੀ ਰਾਮ ਨਿਹੋਰ ਸ਼ਾਸਤਰੀ ਜੀ ਮਹਾਰਾਜ (ਵਰਿੰਦਾਵਨ ਵਾਲੇ) ਵੱਲੋਂ 1ਮਾਰਚ ਤੱਕ ਰੋਜ਼ਾਨਾ 3-00 ਤੋ 6-00 ਤੱਕ ਹੋਵੇਗੀ। ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਖੁੱਲ੍ਹਾ ਸੱਦਾ ਦਿੰਦੇ ਹੋਏ ਇਸ ਸ਼ੁਭ ਮੌਕੇ ਦਾ ਲਾਭ ਉਠਾਉਣ ਲਈ ਸਮੇਂ ਸਿਰ ਪਹੁੰਚ ਕੇ ਕਥਾ ਸਰਵਨ ਕਰਨ ਦੀ ਬੇਨਤੀ ਕੀਤੀ ਹੈ। ਇਸ ਮੌਕੇ ਭਾਰਤ ਭੂਸਨ ਸਕਿੰਟ,ਸੋਹਨ ਮਿੱਤਲ,ਸੰਜੀਵ ਬਾਂਸਲ, ਅੰਕੁਸ਼ ਗਰਗ,ਪਵਨ ਬਦਰਾ, ਹੀਰਾ ਲਾਲ, ਦੀਪਕ ਬਾਂਸਲ, ਸੁਰਿੰਦਰ ਨੰਦਰਾ ਆਦਿਕ ਤੋਂ ਇਲਾਵਾ ਵੱਡੀ ਗਿਣਤੀ ਵਿੱਚ,22 ਏਕੜ ਨਿਵਾਸੀ ਅਤੇ ਮਹਿਲਾ ਮੰਡਲ ਦੀਆਂ ਸਮੂਹ ਮੈਂਬਰ ਹਾਜ਼ਰ ਸਨ ।

# ਮਦਰ ਟੀਚਰ ਕ੍ਰੈਚ ਐਂਡ ਪ੍ਰੀ-ਸਕੂਲ ਵਿੱਚ ਕਹਾਣੀ ਐਕਟ ਗਤੀਵਿਧੀ ਰਾਹੀਂ ਬੱਚਿਆਂ ਨੇ ਸਿੱਖਿਆ ਖੁਸ਼ੀ ਨਾਲ ਸਿੱਖੀ




ਬਰਨਾਲਾ, 13 ਫ਼ਰਵਰੀ (ਇਸ਼ੇਨ ਕੰਗ) : ਮਦਰ ਟੀਚਰ ਕ੍ਰੈਚ ਐਂਡ ਪ੍ਰੀ-ਸਕੂਲ, ਬਰਨਾਲਾ ਵਿਖੇ ਕਲਾਸਰੂਮ ਗਤੀਵਿਧੀਆਂ ਰਾਹੀਂ ਖੁਸ਼ੀ ਭਰੀ ਸਿੱਖਿਆ ਬਰਨਾਲਾ: ਮਦਰ ਟੀਚਰ ਕ੍ਰੈਚ ਐਂਡ ਪ੍ਰੀ-ਸਕੂਲ, ਬਰਨਾਲਾ ਨੇ ਪਲੇਅ ਸਕੂਲ ਤੋਂ ਲੈ ਕੇ ਐਲਕੇਜੀ ਤੱਕ ਦੇ ਵਿਦਿਆਰਥੀਆਂ ਲਈ ਖੁਸ਼ੀ ਭਰੀ ਅਤੇ ਅਰਥਪੂਰਨ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਇੱਕ ਦਿਲਚਸਪ ਕਲਾਸਰੂਮ ਗਤੀਵਿਧੀ ਦਾ ਆਯੋਜਨ ਕੀਤਾ। ਨੌਜਵਾਨ ਸਿੱਖਿਆਰਥੀਆਂ ਨੇ ਕਹਾਣੀ ਸੁਣਾਉਣ ਦੀ ਮਜ਼ੇਦਾਰ ਗਤੀਵਿਧੀ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਇਨ੍ਹਾਂ ਗਤੀਵਿਧੀਆਂ ਨੇ ਬੱਚਿਆਂ ਵਿੱਚ ਰਚਨਾਤਮਕਤਾ, ਵਿਸ਼ਵਾਸ ਅਤੇ ਸਮਾਜਿਕ ਹੁਨਰ ਵਿਕਸਤ ਕਰਨ ਵਿੱਚ ਮਦਦ ਕੀਤੀ। ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਦੇਖਭਾਲ ਅਤੇ ਪਿਆਰ ਨਾਲ ਮਾਰਗਦਰਸ਼ਨ ਕੀਤਾ, ਸਿੱਖਣ ਦੇ ਵਾਤਾਵਰਣ ਨੂੰ ਜੀਵੰਤ ਅਤੇ ਸਹਾਇਕ ਬਣਾਇਆ। ਅਜਿਹੀਆਂ ਪਹਿਲਕਦਮੀਆਂ ਸਕੂਲ ਦੀ ਬੁਨਿਆਦੀ ਪੱਧਰ 'ਤੇ ਸੰਪੂਰਨ ਵਿਕਾਸ ਅਤੇ ਗੁਣਵੱਤਾ ਵਾਲੀ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

# ਸਾਂਝੀਵਾਲਤਾ ਅਤੇ ਦਇਆ ਭਾਵ ਦੇ ਪ੍ਰਤੀਕ ਮਹਾਂ- ਸ਼ਿਵਰਾਤਰੀ ਦੇ ਤਿਉਹਾਰ ਮੌਕੇ ਭੇਟ ਕੀਤੀਆਂ ਸ਼ੁਭਕਾਮਨਾਵਾਂ



ਬਰਨਾਲਾ, 13 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਬਰਨਾਲਾ ਦੇ ਪ੍ਰਸਿੱਧ ਸਮਾਜ ਸੇਵੀ ਅਤੇ ਕੋਲੋਨਾਈਜ਼ਰ ਦੀਪਕ ਸੋਨੀ ਬਾਂਸਲ ਆਸਥਾ ਵਾਲੇ, ਕੋਲੋਨਾਈਜਰ ਸ਼ਸ਼ੀਕਾਂਤ ਚੋਪੜਾ, ਕੋਲੋਨਾਈਜਰ ਰਾਜੀਵ ਗੁਪਤਾ ਲੂਬੀ, ਸਮਾਜ ਸੇਵੀ ਤੇਜ ਕੁਮਾਰ ਤੇਜ਼ੀ, 22 ਏਕੜ ਪ੍ਰਾਚੀਨ ਸ਼ਿਵ ਮੰਦਰ ਦੇ ਪ੍ਰਧਾਨ ਸੁਰੇਸ਼ ਕੁਮਾਰ ਤਪੇ ਵਾਲੇ ਅਤੇ ਡਾਕਟਰ ਸਤੀਸ਼ ਕੁਮਾਰ ਗਊ ਭਗਤ ਨੇ ਇਲਾਕਾ ਨਿਵਾਸੀਆਂ ਨੂੰ ਮਹਾ ਸ਼ਿਵਰਾਤਰੀ ਤਿਓਹਾਰ ਦੀ ਵਧਾਈ ਅਤੇ ਸੁਭਕਾਮਨਾਵਾਂ ਭੇਂਟ ਕਰਦਿਆਂ ਕਿਹਾ ਕਿ ਇਹ ਤਿਉਹਾਰ ਸਾਨੂੰ ਪ੍ਰੇਮ ਤੇ ਭਾਈਚਾਰੇ ਦੀ ਭਾਵਨਾ ਰਾਹੀਂ ਇਕ-ਦੂਜੇ ਨਾਲ ਜੋੜਦੇ ਹਨ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਇਹ ਤਿਓਹਾਰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ। ਇਹ ਤਿਉਹਾਰ ਸਾਨੂੰ ਇਹ ਵੀ ਪ੍ਰੇਰਨਾ ਦਿੰਦਾ ਹੈ ਕਿ ਸਾਨੂੰ ਵੀ ਆਪਣੇ ਅੰਦਰਲੀਆਂ ਬੁਰਾਈਆਂ ਈਰਖਾ, ਸਾੜਾ, ਨਿੰਦਿਆ ਚੁਗਲੀ, ਨਫ਼ਰਤ ਆਦਿ ਦਾ ਤਿਆਗ ਕਰਕੇ ਇੱਕ ਚੰਗੇ ਇਨਸਾਨ ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਹਾਂਸ਼ਿਵਰਾਤਰੀ ਇੱਕ ਪ੍ਰਮੁੱਖ ਤਿਉਹਾਰ ਹੈ, ਜੋ ਫੱਗਣ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਚਤੁਰਦਸ਼ੀ ਨੂੰ ਭਗਵਾਨ ਸ਼ਿਵ ਅਤੇ ਮਾਤਾ ਪਾਰਵਤੀ ਦੇ ਵਿਆਹ ਵਜੋਂ ਮਨਾਇਆ ਜਾਂਦਾ ਹੈ। ਧਾਰਮਿਕ ਮਾਨਤਾਵਾਂ ਅਨੁਸਾਰ, ਇਸ ਰਾਤ ਭਗਵਾਨ ਸ਼ਿਵ ਅਤੇ ਦੇਵੀ ਪਾਰਵਤੀ ਦਾ ਵਿਆਹ ਹੋਇਆ ਸੀ। ਜਿਹੜੇ ਭਗਤ ਇਸ ਦਿਨ ਨਿਰਜਲ ਵਰਤ ਰੱਖਦੇ ਹਨ, ਰਾਤ ਭਰ ਜਾਗਰਣ ਕਰਦੇ ਹਨ ਅਤੇ ਸ਼ਿਵਲਿੰਗ 'ਤੇ ਜਲਾਭਿਸ਼ੇਕ (ਦੁੱਧ, ਪਾਣੀ) ਕਰਦੇ ਹਨ, ਜਿਸ ਨਾਲ ਮਨ ਦੀ ਸ਼ਾਂਤੀ ਅਤੇ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ। ਇਹ ਤਿਓਹਾਰ ਸਾਨੂੰ ਕਾਮ, ਕ੍ਰੋਧ, ਅਤੇ ਲੋਭ 'ਤੇ ਕਾਬੂ ਪਾਉਣ ਦੀ ਸਿੱਖਿਆ ਦਿੰਦਾ ਹੈ। ਇਸ ਰਾਤ ਚਾਰ ਪਹਿਰ ਦੀ ਪੂਜਾ ਕਰਨ ਨਾਲ ਵਿਸ਼ੇਸ਼ ਫ਼ਲ ਪ੍ਰਾਪਤ ਹੁੰਦਾ ਹੈ ਅਤੇ ਮਨੁੱਖ ਦੇ ਸਾਰੇ ਦੁੱਖ ਦੂਰ ਹੁੰਦੇ ਹਨ।

# ਮਹਾਂਸ਼ਿਵਰਾਤਰੀ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ ਬਾਬਾ ਸੁਖਾਨੰਦ ਕਾਂਵੜ ਸ਼ਿਵਰ ਸੇਵਾ ਸੰਘ ਵੱਲੋਂ ਤਿਆਰੀਆਂ



ਤਪਾ ਮੰਡੀ, 13 ਫਰਵਰੀ (ਰਾਜੂ ਮਹਿਰਾ) : ਮਹਾਂਸ਼ਿਵਰਾਤਰੀ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ ਬਾਬਾ ਸੁਖਾਨੰਦ ਕਾਂਵੜ ਸ਼ਿਵਰ ਸੇਵਾ ਸੰਘ ਵੱਲੋਂ ਸ਼ਿਵਰ ਲਾਉਣ ਸਬੰਧੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਜਿਸ ਸਬੰਧੀ ਇਸ ਵਾਰ ਸ਼ਿਵਰ ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਮਹਿਤਾ ਕੱਟ ਨਜ਼ਦੀਕ ਸਥਿਤ ਦਯਾਵੰਤੀ ਬਿਰਧ ਆਸ਼ਰਮ 'ਚ (ਤਪਾ ਤੋਂ 400 ਮੀਟਰ ਪਹਿਲਾਂ) ਲਗਾਇਆ ਜਾ ਰਿਹਾ ਹੈ। ਜਿਸ ਦੀ ਸ਼ੁਰੂਆਤ ਦਿਨ ਸ਼ੁੱਕਰਵਾਰ ਨੂੰ ਭਗਵਾਨ ਸ਼ਿਵ ਦਾ ਪੂਜਨ ਅਤੇ ਆਰਤੀ ਕਰਨ ਉਪਰੰਤ ਕੀਤੀ ਗਈ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸ਼ਿਵਰ ਦਾ ਮਿੰਨੀ ਪੋਸਟਰ ਵੀ ਜਾਰੀ ਕੀਤਾ ਗਿਆ। ਪ੍ਰਬੰਧਕਾਂ ਅਨੁਸਾਰ ਸੰਘ ਵਲੋਂ ਹਰਿਦੁਆਰ ਤੋਂ ਪਵਿੱਤਰ ਗੰਗਾ ਜਲ ਲੈ ਕੇ ਆਉਣ ਵਾਲੇ ਕਾਂਵੜੀਆਂ ਦੀ ਸੇਵਾ ਲਈ ਖਾਣ-ਪੀਣ, ਮੈਡੀਕਲ ਸਹੂਲਤ, ਰਹਿਣ ਦਾ ਪ੍ਰਬੰਧ ਅਤੇ ਹੋਰ ਸਾਰੀਆਂ ਸਹੂਲਤਾਂ 24 ਘੰਟੇ ਉਪਲੱਬਧ ਰਹਿਣਗੀਆਂ। ਇਸ ਤੋਂ ਇਲਾਵਾ 14 ਫਰਵਰੀ ਦਿਨ ਸ਼ਨੀਵਾਰ ਨੂੰ ਸ਼ਿਵ ਚੌਂਕੀ ਕਰਵਾਈ ਜਾਵੇਗੀ, ਜਿਸ ਵਿਚ ਪ੍ਰਸਿੱਧ ਭਜਨ ਗਾਇਕ ਸੰਤੋਸ਼ ਗਰਗ ਅਤੇ ਨਰੇਂਦਰ ਦੀਨੂੰ ਬਠਿੰਡਾ ਵਾਲੇ ਸ਼ਾਮ 7 ਵਜੇ ਸ਼ਿਵ ਭਜਨਾਂ ਦਾ ਗੁਣਗਾਨ ਕਰਕੇ ਸੰਗਤ ਨੂੰ ਨਿਹਾਲ ਕਰਨਗੇ। ਇਸ ਮੌਕੇ ਕਰਨ ਸੁਨਾਮੀਆਂ, ਡਾ. ਵਿਜੇ ਸ਼ਰਮਾ, ਪ੍ਰਵੀਨ ਘੁੰਨਸ਼, ਰਾਕੇਸ਼ ਜੇਠੂਕੇ, ਭਿੰਦੀ ਸੁਨਾਮੀਆ, ਛੋਟਾ, ਨਿੰਦਰ ਸਿੰਘ, ਭਿੰਦਰ ਸਿੱਧੂ, ਕਰਨ ਗੁਪਤਾ, ਅੰਕੁ ਬਦਰਾ, ਰੋਕੀ ਬਦਰਾ, ਕਰਨ ਸੁਨਾਮੀਆਂ, ਈਸ਼ਵਰ ਗੋਇਲ, ਸੰਦੀਪ ਕੁਮਾਰ ਵਿੱਕੀ, ਪਿੰਕੀ ਮੌੜ, ਰਵੀ ਮੌੜ,ਵਿਜੇ ਵਸ਼ਿਸ਼ਟ, ਮੇਲਾ ਕਾਲੀਆ, ਰਾਜੀ, ਅਵਨੀਸ਼, ਮਨੀ,ਅਰਸ਼ੀ ਚੱਠਾ, ਸ਼ਾਲੂ, ਸੁੱਖਾ, ਅਰਸ਼ੀ,ਸ਼ੰਟੀ ਬਾਗੜੀਆ, ਨਾਨੂੰ ਮਾਰਵਾੜੀ, ਕਮਲ, ਮਨਦੀਪ, ਸਰਵਣ, ਦੀਪ,ਲਵਲੀ, ਗੁੱਗਾ, ਮਨੀਸ਼, ਭੂਸ਼ਣ, ਨਵੀਂ, ਰਿਤਿਕ, ਜੈਲਾ, ਅਭਿਜੋਤ, ਵਿਨੇ, ਨਿੱਕਾ, ਸ਼ਹਿਨਾਜ਼, ਲੱਭੂ, ਬੂਟਾ ਤੇ ਵਿਜੇ ਆਦਿ ਸਮੂਹ ਮੈਂਬਰ ਮੌਜੂਦ ਸਨ।

# ਸ੍ਰੀ ਮਹਾਂਦੇਵ ਕਾਂਵੜ ਸੰਘ ਤਪਾ ਦਾ ਜੱਥਾ 54ਵੀਂ ਡਾਕ ਕਾਂਵੜ ਲਈ ਸ੍ਰੀ ਹਰਿਦੁਆਰ ਰਵਾਨਾ



ਤਪਾ ਮੰਡੀ, 13 ਫਰਵਰੀ (ਰਾਜੂ ਮਹਿਰਾ) : ਸ੍ਰੀ ਮਹਾਂਦੇਵ ਕਾਂਵੜ ਸੰਘ ਤਪਾ ਦਾ ਵੱਡਾ ਜੱਥਾ ਰਿੰਪੀ ਡਾਲਾ ਤੇ ਉਮੇਸ਼ ਕੁਮਾਰ ਦੀ ਅਗਵਾਈ ਹੇਠ 54ਵੀਂ ਡਾਕ ਕਾਂਵੜ ਲਈ ਸ੍ਰੀ ਹਰਿਦੁਆਰ ਰਵਾਨਾ ਹੋਇਆ। ਸ੍ਰੀ ਹਰਿਦੁਆਰ ਲਈ ਰਵਾਨਾ ਹੋਣ ਤੋਂ ਪਹਿਲਾਂ ਸਮੂਹ ਕਾਂਵੜੀਏ ਤਪਾ ਦੇ ਧਾਰਮਿਕ ਅਸਥਾਨ ਬਾਬਾ ਮੱਠ ਵਿਖੇ ਨਤਮਸਤਕ ਹੋਏ ਉਪਰੰਤ ਬੰਮ ਬੰਮ ਭੋਲੇ ਦੇ ਜੈਕਾਰਿਆਂ ਨਾਲ ਹਰਿਦੁਆਰ ਚਾਲੇ ਪਾਏ।ਇਸ ਮੌਕੇ ਸਮੂਹ ਕਾਵੜੀਆਂ ਨੇ ਦੱਸਿਆ ਕਿ ਉਹ ਸ੍ਰੀ ਹਰਿਦੁਆਰ ਤੋਂ ਪਵਿੱਤਰ ਗੰਗਾ ਜਲ ਭਰ ਕੇ 15 ਤਰੀਕ ਦਿਨ ਐਤਵਾਰ ਨੂੰ ਮਹਾਂਸ਼ਿਵਰਾਤਰੀ ਵਾਲੇ ਦਿਨ ਤਪਾ ਵਿਖੇ ਪਹੁੰਚਣਗੇ ਅਤੇ ਇਲਾਕੇ ਦੇ ਸ਼ਿਵ ਮੰਦਰਾਂ 'ਚ ਸ਼ਿਵਲਿੰਗ 'ਤੇ ਜਲ ਅਭਿਸ਼ੇਕ ਕਰਨਗੇ। ਇਸ ਮੌਕੇ ਸਮੂਹ ਸ਼ਰਧਾਲੂਆਂ 'ਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਗੁਰਵਿੰਦਰ, ਕਾਲੀ, ਬਬਲੂ, ਮਨਪ੍ਰੀਤ, ਸ਼ਿਬੂ, ਇਸ਼ਾਨ, ਮਨਜੀਤ, ਟੋਡਾ, ਸਚਿਨ, ਸਾਹਿਲ, ਜਿੰਮੀ, ਗਗਨ, ਗੁਰਪ੍ਰੀਤ ਆਦਿ ਸ਼ਰਧਾਲੂ ਮੌਜੂਦ ਸਨ।

# ਨਗਰ ਕੌਂਸਲ ਦੇ ਸ.ਫਾਈ ਕਰਮਚਾਰੀਆਂ ਨੇ ਦੇਸ਼ ਵਿਆਪੀ ਹੜਤਾਲ 'ਚ ਹਿੱਸਾ ਲਿਆ



ਤਪਾ ਮੰਡੀ, 13 ਫਰਵਰੀ (ਰਾਜੂ ਮਹਿਰਾ) : ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਨੇ ਦੇਸ਼ ਵਿਆਪੀ ਹੜਤਾਲ ਦੇ ਸੱਦੇ ਦਾ ਸਮੱਰਥਨ ਕਰਦਿਆਂ ਇੱਕ ਰੋਜ਼ਾ ਪੂਰਨ ਹੜਤਾਲ ਕੀਤੀ ਗਈ। ਇਸ ਦੌਰਾਨ ਸਫਾਈ ਕਰਮਚਾਰੀਆਂ ਨੇ ਸ਼ਹਿਰ ਦਾ ਸਾਰਾ ਕੰਮ ਕਾਜ ਬੰਦ ਰੱਖਦਿਆਂ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਰਾਜ ਕੁਮਾਰ ਰਫੀ ਨੇ ਦੱਸਿਆ ਕਿ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ,ਠੇਕਾ ਪ੍ਰਥਾ ਖਤਮ ਕਰਨ, ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਕਰਨ ਅਤੇ ਸ਼ਹਿਰ ਦੀ ਲੋੜ ਅਨੁਸਾਰ ਨਵੇਂ ਸਫਾਈ ਸੇਵਕ ਭਰਤੀ ਕਰਨ ਵਰਗੀਆਂ ਮੰਗਾਂ ਨੂੰ ਲੈ ਕੇ ਇਹ ਹੜਤਾਲ ਕੀਤੀ ਗਈ ਹੈ।ਉਨ੍ਹਾਂ ਨੇ ਦੋਸ਼ ਲਗਾਇਆ ਕਿ ਸਰਕਾਰ ਵੱਲੋਂ ਕੀਤੇ ਗਏ ਵਾਅਦੇ ਪੂਰੇ ਨਹੀਂ ਕੀਤੇ ਜਾ ਰਹੇ ਅਤੇ ਮਜ਼ਦੂਰ ਵਰਗ ਦੀਆਂ ਸਮੱਸਿਆਵਾਂ ਨੂੰ ਅਣਡਿੱਠਾ ਕੀਤਾ ਜਾ ਰਿਹਾ ਹੈ। ਯੂਨੀਅਨ ਨੇ ਪੰਜਾਬ ਪੱਧਰ 'ਤੇ ਇਕਜੁੱਟ ਹੋ ਕੇ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ। ਹੜਤਾਲ ਕਾਰਨ ਦਿਨ ਭਰ ਸਫਾਈ ਨਾ ਹੋਣ ਨਾਲ ਸ਼ਹਿਰ ਵਿੱਚ ਕੂੜੇ ਦੇ ਢੇਰ ਲੱਗ ਗਏ ਅਤੇ ਗੰਦਗੀ ਫੈਲ ਗਈ, ਜਿਸ ਕਾਰਨ ਨਾਗਰਿਕਾਂ ਨੂੰ ਕਾਫੀ ਅਸੁਵਿਧਾਵਾਂ ਦਾ ਸਾਹਮਣਾ ਕਰਨਾ ਪਿਆ।ਯੂਨੀਅਨ ਨੇ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਜਲਦ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਰਾਜ ਕੁਮਾਰ ਕਾਂਗੜਾ, ਜਗਤ ਕੁਮਾਰ, ਦੀਪਕ ਕੁਮਾਰ, ਤਾਰੀ ਸਿੰਘ, ਬੰਟੀ ਕੁਮਾਰ, ਲਵ ਕੁਮਾਰ, ਸੋਨਾ ਰਾਣੀ, ਸਿਕੰਦਰ ਕੁਮਾਰ, ਅਜੇ ਕੁਮਾਰ, ਨੇਹਾ ਰਾਣੀ ਆਦਿ ਸਫਾਈ ਸੇਵਕ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



# 'ਆਪ' ਪਟਿਆਲਾ ਇਕਾਈ ਵੱਲੋਂ ਕਾਂਗਰਸ ਖ਼ਿਲਾਫ਼ ਜ਼ਬਰਦਸਤ ਮੁਜ਼ਾਹਰਾ

## ➢ਮਾੜੀ ਸ਼ਬਦਾਵਲੀ ਲਈ ਬਿਨ੍ਹਾਂ ਸ਼ਰਤ ਮੁਆਫ਼ੀ ਮੰਗੇ ਬਾਜਵਾ : ਅਜੀਤਪਾਲ ਸਿੰਘ ਕੋਹਲੀ



ਪਟਿਆਲਾ, 13 ਫਰਵਰੀ (ਰੁਪਾਣਾ/ਅਮਰਜੀਤ) : ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਪਟਿਆਲਾ ਦੀ ਸਮੁੱਚੀ ਲੀਡਰਸ਼ਿਪ ਤੇ ਵੱਡੀ ਗਿਣਤੀ ਆਗੂਆਂ ਤੇ ਵਰਕਰਾਂ ਨੇ ਅੱਜ 'ਦਲਿਤ ਵਿਰੋਧੀ ਕਾਂਗਰਸ' ਪ੍ਰਤਾਪ ਬਾਜਵਾ ਮੁਆਫ਼ੀ ਮੰਗੇ' ਦਾ ਨਾਅਰਾ ਜ਼ੋਰਦਾਰ ਢੰਗ ਨਾਲ ਬੁਲੰਦ ਕਰਦਿਆਂ ਪਟਿਆਲਾ ਦੇ ਐਮਪੀ ਡਾ. ਧਰਮਵੀਰ ਗਾਂਧੀ ਦੇ ਘਰ ਦੇ ਮੂਹਰੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ। ਆਪ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਤੇਜਿੰਦਰ ਮਹਿਤਾ ਅਤੇ ਦਿਹਾਤੀ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਹਰਪਾਲ ਸਿੰਘ ਵਿਰਕ ਦੀ ਅਗਵਾਈ ਹੇਠ ਇੱਥੇ ਅਫ਼ਸਰ ਕਲੋਨੀ ਨੇੜੇ ਗਊ ਚੌਕ ਵਿਖੇ ਬੈਂਡ ਵਾਜੇ ਨਾਲ ਪੁੱਜੀ ਆਪ ਲੀਡਰਸ਼ਿਪ ਨੇ ਮੰਗ ਕੀਤੀ ਕਿ ਦਲਿਤ ਵਿਰੋਧੀ ਮਾਨਸਿਕਤਾ ਰੱਖਣ ਵਾਲਾ ਕਾਂਗਰਸੀ ਆਗੂ ਪ੍ਰਤਾਪ ਬਾਜਵਾ ਮੁਆਫ਼ੀ ਮੰਗੇ। ਇਨ੍ਹਾਂ ਆਗੂਆਂ ਨੇ ਕਿਹਾ ਕਿ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਬਹੁਤ ਹੀ ਸੂਝਵਾਨ ਆਗੂ ਹਨ, ਇਨ੍ਹਾਂ ਵਿਰੁੱਧ ਕੀਤੀ ਗਈ ਮਾੜੀ ਬਿਆਨਬਾਜ਼ੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਧਰਨੇ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਕਾਂਗਰਸ ਪਾਰਟੀ ਤੇ ਇਸਦੇ ਆਗੂ ਦਲਿਤ ਵਰਗ ਤੋਂ ਉਠਕੇ ਮੰਤਰੀ ਬਣੇ ਆਪ ਆਗੂ ਸ. ਹਰਭਜਨ ਸਿੰਘ ਨੂੰ ਬਰਦਾਸ਼ਤ ਨਹੀਂ ਕਰ ਰਹੀ, ਜਿਸ ਕਰਕੇ ਪ੍ਰਤਾਪ ਬਾਜਵਾ ਦੀ ਦਲਿਤ ਵਿਰੋਧੀ ਮਾਨਸਿਕਤਾ ਸਾਹਮਣੇ ਆ ਗਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸ਼ਮਾਂ ਪੂਰੇ ਦੇਸ਼ ਵਿੱਚ ਬੁਝਣ ਵਾਲੀ ਹੈ ਤੇ ਕਾਂਗਰਸ ਦਾ ਮੱਕੂ ਪੂਰੀ ਤਰ੍ਹਾਂ ਠੱਪਿਆ ਜਾਣਾ ਹੈ। ਵਿਧਾਇਕ ਕੋਹਲੀ ਨੇ ਮੰਗ ਕੀਤੀ ਕਿ ਪ੍ਰਤਾਪ ਬਾਜਵਾ ਤੇ ਕਾਂਗਰਸ ਪਾਰਟੀ ਬਿਨ੍ਹਾਂ ਸ਼ਰਤ ਮੁਆਫ਼ੀ ਮੰਗੇ। ਇਸ ਮੌਕੇ ਪੀ.ਆਰ.ਟੀ.ਸੀ. ਚੇਅਰਮੈਨ ਹਰਪਾਲ ਜੁਨੇਜਾ ਨੇ ਕਿਹਾ ਕਿ ਇਹ ਬਹੁਤ ਅਫ਼ਸੋਸਨਾਕ ਹੈ ਕਿ ਪ੍ਰਤਾਪ ਬਾਜਵਾ, ਰਾਜਾ ਵੜਿੰਗ ਤੇ ਹੋਰ ਵਿਰੋਧੀ ਆਗੂ ਅੱਜ ਪੂਰੀ ਤਰ੍ਹਾਂ ਹਿੱਲ ਕੇ ਪਾਗਲਪਨ ਕਰਦਿਆਂ ਘਟੀਆ ਹਰਕਤਾਂ 'ਤੇ ਉਤਰ ਆਏ ਹਨ। ਚੇਅਰਮੈਨ ਤੇਜਿੰਦਰ ਮਹਿਤਾ ਨੇ ਕਿਹਾ ਕਿ ਰਾਜਾ ਵੜਿੰਗ ਤੇ ਪ੍ਰਤਾਪ ਬਾਜਵਾ ਲਗਾਤਾਰ ਅਨੁਸੂਚਿਤ ਜਾਤੀਆਂ ਵਿਰੁੱਧ ਮਾੜੀ ਸ਼ਬਦਾਵਲੀ ਵਰਤਕੇ ਮਾੜੀ ਸੋਚ ਦਾ ਪ੍ਰਗਟਾਵਾ ਕਰ ਰਹੇ ਹਨ। ਜ਼ਿਲ੍ਹਾ ਦਿਹਾਤੀ ਪ੍ਰਧਾਨ ਤੇ ਚੇਅਰਮੈਨ ਹਰਪਾਲ ਸਿੰਘ ਵਿਰਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੀ ਸੋਚ ਜਾਤ ਤੋਂ ਉਪਰ ਹੈ ਅਤੇ ਕਾਂਗਰਸੀਆਂ ਵੱਲੋਂ ਕੀਤੀ ਬਿਆਨਬਾਜ਼ੀ ਦਾ ਐਸ.ਸੀ. ਭਾਈਚਾਰੇ ਵਿੱਚ ਬਹੁਤ ਰੋਸ ਹੈ। ਇਸ ਦੌਰਾਨ ਐਸ.ਸੀ. ਸੈਲ ਦੇ ਮਾਲਵਾ ਈਸਟ ਦੇ ਇੰਚਾਰਜ ਅਮਰੀਕ ਸਿੰਘ ਬੰਗੜ, ਸੂਬਾ ਸਕੱਤਰ ਤੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾਵੂਮੈਨ ਸੈਲ ਦੇ ਮਾਲਵਾ ਇੰਚਾਰਜ ਵੀਰਪਾਲ ਕੌਰ ਚਹਿਲ, ਜ਼ਿਲ੍ਹਾ ਪ੍ਰਧਾਨ ਆਰਤੀ ਗੁਪਤਾ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਔਲਖ ਤੇ ਅਮਿਤ ਡਾਬੀ, ਵਾਈਸ ਚੇਅਰਮੈਨ ਪੀਆਰਟੀਸੀ ਬਲਵਿੰਦਰ ਝਾੜਵਾਂ, ਜ਼ਿਲ੍ਹਾ ਯੂਥ ਪ੍ਰਧਾਨ ਅਮਰ ਸੰਘੇੜਾ, ਯੂਥ ਜ਼ਿਲ੍ਹਾ ਪ੍ਰਧਾਨ ਸ਼ਿਵਰਾਜ ਵਿਰਕ, ਹਲਕਾ ਕੁਆਰਡੀਨੇਟਰ ਪ੍ਰਦੀਪ ਜੋਸ਼ਨ, ਗੁਲਜਾਰ ਵਿਰਕ, ਬਲਿਹਾਰ ਚੀਮਾ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਮਾਰਕੀਟ ਕਮੇਟੀ ਚੇਅਰਮੈਨ ਅਸ਼ੋਕ ਸਿਰਸਵਾਲ, ਗੁਰਦੇਵ ਟਿਵਾਣਾ, ਜ਼ਿਲ੍ਹਾ ਪ੍ਰਧਾਨ ਨਸ਼ਾ ਮੁਕਤੀ ਮੋਰਚਾ ਯਾਦਵਿੰਦਰ ਸਿੰਘ ਗੋਲਡੀ ਲਾਦੇਨ, ਸੰਦੀਪ ਬੰਧੂ, ਜ਼ਿਲ੍ਹਾ ਪ੍ਰਧਾਨ ਬੀ.ਸੀ. ਵਿੰਗ ਮਨਿੰਦਰ ਸਿੰਘ ਫਰਾਂਸਵਾਲ, ਮੋਨਿਕਾ ਸ਼ਰਮਾ, ਰੂਬੀ ਭਾਟੀਆ, ਸੋਨੀਆ ਸ਼ਰਮਾ, ਐਸ.ਸੀ. ਵਿੰਗ ਹਲਕਾ ਇੰਚਾਰਜ ਗੋਬਿੰਦ ਬਡੂੰਗਰ, ਐਸ.ਸੀ. ਯੂਥ ਆਗੂ ਨਸ਼ਾ ਮੁਕਤੀ ਮੋਰਚਾ ਸਾਗਰ ਧਾਲੀਵਾਲ, ਹਰਿੰਦਰਪਾਲ ਸਿੰਘ, ਨਿਰਮਲ ਝੰਨੇੜੀ, ਮੁਖਤਿਆਰ ਗਿੱਲ, ਜੀ.ਐਸ ਉਬਰਾਏ, ਵਿਜੇ ਕਨੌਜੀਆ, ਜਗਤਾਰ ਜੱਗੀ, ਰਾਹੁਲ ਮਹਿਤਾ, ਰਵਿੰਦਰਪਾਲ ਸਿੰਘ ਪ੍ਰਿੰਸ ਲਾਂਬਾ, ਸੋਸ਼ਲ ਮੀਡੀਆ ਦੇ ਜ਼ਿਲ੍ਹਾ ਪ੍ਰਧਾਨ ਮੋਹਿਤ ਕੁਕਰੇਜਾ ਤੇ ਸੁਮਿਤ ਟਾਕੇਜਾ, ਸੁਰਿੰਦਰ ਰਿੰਪਾ, ਸੁਰਿੰਦਰ ਨਿਕੂ, ਬਲਾਕ ਪ੍ਰਧਾਨ ਸ੍ਰੀਰਾਮ, ਕ੍ਰਿਸ਼ਨ ਕੁਮਾਰ, ਦੀਪਕ ਮਿਤਲ, ਪ੍ਰਦੀਪ ਗਰਗ, ਭਾਰਤ ਭੂਸ਼ਨ, ਮੋਹਿਤ ਮਰਵਾਹਾ, ਮੀਰੀ ਰਾਜਪੁਰਾ, ਐਮਸੀ ਵਾਸਦੇਵ, ਰਜਿੰਦਰ ਮੋਹਨ, ਐਮਸੀ ਜੋਨੀ ਕੋਹਲੀ, ਬਿੱਟੂ ਐਮਸੀ ਸਮੇਤ ਵੱਡੀ ਗਿਣਤੀ 'ਆਪ' ਆਗੂ ਤੇ ਵਲੰਟੀਅਰ ਮੌਜੂਦ ਸਨ।

## ਪਟਿਆਲਾ ਹੈਰੀਟੇਜ ਫੈਸਟੀਵਲ-2026

# ਵਿਰਾਸਤੀ ਕਵੀ ਦਰਬਾਰ 'ਚ ਵੱਖ-ਵੱਖ ਭਾਸ਼ਾਵਾਂ ਦੇ ਕਵੀਆਂ ਨੇ ਰੰਗ ਬੰਨ੍ਹਿਆ



ਪਟਿਆਲਾ 13 ਫ਼ਰਵਰੀ (ਰੂਪਾਣਾ) : ਪਟਿਆਲਾ ਹੈਰੀਟੇਜ ਫੈਸਟੀਵਲ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਵਿੱਚ ਇੱਥੇ ਸਰਕਾਰੀ ਮਹਿੰਦਰਾ ਕਾਲਜ ਵਿਖੇ ਵਿਰਾਸਤੀ ਕਵੀ ਦਰਬਾਰ ਕਰਵਾਇਆ ਗਿਆ। ਇਸ ਕਵੀ ਦਰਬਾਰ ਦੇ ਨੋਡਲ ਅਫ਼ਸਰ ਐਸ.ਡੀ.ਐਮ ਹਰਜੋਤ ਕੌਰ ਮਾਵੀ ਨੇ ਦੱਸਿਆ ਕਿ ਪੰਜਾਬੀ, ਹਿੰਦੀ, ਉਰਦੂ ਤੇ ਪੁਆਧੀ ਭਾਸ਼ਾ ਦੇ ਕਵੀਆਂ ਨੇ ਗ਼ਜ਼ਲਾਂ, ਕਵਿਤਾਵਾਂ ਤੇ ਸਾਹਿਤਕ ਗੀਤਾਂ ਰਾਹੀਂ ਵੱਡੀ ਗਿਣਤੀ 'ਚ ਹਾਜ਼ਰ ਸਰੋਤਿਆਂ ਨੂੰ ਕੀਲ ਲਿਆ। ਇਸ ਮੁਸ਼ਾਇਰੇ ਦੌਰਾਨ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਅਤੇ ਇਸ ਦੀ ਪ੍ਰਧਾਨਗੀ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਕੀਤੀ। ਮੇਜ਼ਬਾਨ ਕਾਲਜ ਦੀ ਪ੍ਰਿੰਸੀਪਲ ਨਿਸ਼ਠਾ ਤ੍ਰਿਪਾਠੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਰੰਗਲਾ ਬਣਾਉਣ ਲਈ ਜਿੱਥੇ ਵੱਖ-ਵੱਖ ਯੋਜਨਾਵਾਂ ਨੂੰ ਅਮਲੀ ਰੂਪ ਦਿੱਤਾ ਜਾ ਰਿਹਾ ਹੈ ਉੱਥੇ ਸੂਬੇ ਦੇ ਸੱਭਿਆਚਾਰ ਤੇ ਸੰਸਕ੍ਰਿਤੀ ਨੂੰ ਸੰਭਾਲਣ ਲਈ ਵਿਸ਼ੇਸ਼ ਮੇਲੇ ਸਜਾਏ ਜਾ ਰਹੇ ਹਨ, ਇਸੇ ਲੜੀ ਤਹਿਤ ਹੀ ਪਟਿਆਲਾ ਹੈਰੀਟੇਜ ਫੈਸਟੀਵਲ ਮਨਾਇਆ ਜਾ ਰਿਹਾ ਹੈ। ਪ੍ਰਧਾਨਗੀ ਭਾਸ਼ਨ ਦੌਰਾਨ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਕਵੀ ਦਰਬਾਰ ਨੂੰ ਪਟਿਆਲਾ ਹੈਰੀਟੇਜ ਫੈਸਟੀਵਲ ਦਾ ਹਿੱਸਾ ਬਣਾਉਣ ਦੀ ਸ਼ਲਾਘਾ ਕੀਤੀ। ਉਨ੍ਹਾਂ ਮੇਜ਼ਬਾਨ ਕਾਲਜ ਦੇ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਕਵਿਤਾਵਾਂ 'ਚ ਦਿਖਾਈ ਰੁਚੀ ਦੀ ਵੀ ਪ੍ਰਸ਼ੰਸਾ ਕੀਤੀ।ਬਲਜਿੰਦਰ ਠਾਕੁਰ ਨੇ 'ਆਪਣੀ ਵਿਰਾਸਤ, ਆਪਣਾ ਵਿਰਸਾ,' ਰਾਹੀਂ ਪੰਜਾਬੀ ਮਾਂ ਬੋਲੀ ਤੇ ਵਿਰਸੇ ਨੂੰ ਸੰਭਾਲਣ ਦਾ ਸੁਨੇਹਾ ਦਿੱਤਾ। ਜਸਵਿੰਦਰ ਚਾਹਲ ਨੇ ਆਪਣੀ ਮਸ਼ਹੂਰ ਕਵਿਤਾ 'ਮਰਦਸ਼ੁਮਾਰੀ' ਰਾਹੀਂ ਸਭ ਨੂੰ ਮੋਹ ਲਿਆ। ਅੰਮ੍ਰਿਤਪਾਲ ਸ਼ੈਦਾ ਨੇ ਦਸਤਾਰ ਤੇ ਅਣਖ ਸਬੰਧੀ ਆਪਣੀ ਨਜ਼ਮ ਰਾਹੀਂ ਮਾਹੌਲ ਨੂੰ ਜੋਸ਼ਮਈ ਬਣਾ ਦਿੱਤਾ।ਡਾ. ਗੁਰਵਿੰਦਰ ਅਮਨ ਨੇ ਆਪਣੀ ਕਵਿਤਾ ਰਾਹੀਂ ਮਿਹਨਤਕਸ਼ ਲੋਕਾਂ ਦੀ ਹਾਲਤ, ਪ੍ਰੋ. ਪੁਨੀਤ ਨੇ ਪਟਿਆਲਾ ਬਾਰੇ, ਪ੍ਰੋ. ਸੁਖਵਿੰਦਰ ਨੇ ਮਹਿੰਦਰਾ ਕਾਲਜ ਦੇ ਸਫ਼ਰ ਬਾਰੇ ਅਤੇ ਪ੍ਰੋ. ਗਗਨਦੀਪ ਨੇ ਪਿਤਾ ਦੇ ਔਲਾਦ ਨਾਲ ਰਿਸ਼ਤੇ ਦਾ ਚਿਤਰਨ ਕੀਤਾ। ਭਾਸ਼ਾ ਵਿਭਾਗ ਦੇ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਮੰਚ ਸੰਚਾਲਨ ਬਾਖ਼ੂਬੀ ਕੀਤਾ। ਸਾਰੇ ਕਵੀਆਂ ਤੇ ਮਹਿਮਾਨਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਨਮਾਨਿਤ ਕੀਤਾ ਗਿਆ।

# ਸਲਾਨਾ ਅਥਲੈਟਿਕਸ ਮੀਟ ਅਤੇ ਇਨਾਮ ਵੰਡ ਸਮਾਰੋਹ

## ਸੁਭਾਸ਼ ਚੰਦਰ ਬੋਸ ਹਾਊਸ ਨੇ ਜਿੱਤੀ ਓਵਰਆਲ ਟਰਾਫੀ



ਪਟਿਆਲਾ, 13 ਫਰਵਰੀ (ਚ.ਨ.ਸ.) : ਸ਼ਹਿਰ ਦੇ ਨਾਮਵਰ ਵਿੱਦਿਅਕ ਅਦਾਰੇ ਪੀਐਮ ਸ੍ਰੀ ਸਰਕਾਰੀ ਕੋ-ਐਡ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਪ੍ਰਿੰਸੀਪਲ ਮੈਡਮ ਵਿਜੇ ਕਪੂਰ ਦੀ ਅਗਵਾਈ ਹੇਠ ਸਲਾਨਾ ਅਥਲੈਟਿਕਸ ਮੀਟ ਅਤੇ ਇਨਾਮ ਵੰਡ ਸਮਾਰੋਹ ਆਯੋਜਿਤ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ. ਸਿੱ.) ਪਟਿਆਲਾ ਸੰਜੀਵ ਸ਼ਰਮਾ ਨੇ ਸ਼ਿਰਕਤ ਕੀਤੀ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੱ.) ਡਾ. ਰਵਿੰਦਰ ਪਾਲ ਸ਼ਰਮਾ, ਬਲਾਕ ਪਟਿਆਲਾ-2 ਦੇ ਬੀਪੀਈਓ ਪ੍ਰਿਥੀ ਸਿੰਘ, ਅਲੂਮਨੀ ਅਸੋਸੀਏਸ਼ਨ ਦੇ ਪ੍ਰਧਾਨ ਕੁਲਦੀਪ ਸਿੰਘ ਗਰੇਵਾਲ, ਸਾਬਕਾ ਪ੍ਰਿੰਸੀਪਲ ਨੈਸ਼ਨਲ ਅਵਾਰਡੀ ਤੋਤਾ ਸਿੰਘ ਚਹਿਲ, ਇੰਜੀਨੀਅਰ ਕੁਲਵੀਰ ਸਿੰਘ ਅਤੇ ਸਾਬਕਾ ਜ਼ਿਲ੍ਹਾ ਸਿੱਖਿਆ ਅਧਿਕਾਰੀ ਇੰਜੀ. ਅਮਰਜੀਤ ਸਿੰਘ ਨੇ ਸ਼ਿਰਕਤ ਕੀਤੀ। ਉਕਤ ਮਹਿਮਾਨਾਂ ਵੱਲੋਂ ਰਸਮੀ ਤੌਰ @ਤੇ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ। ਸਮਾਰੋਹ ਦੌਰਾਨ ਵਿਦਿਆਰਥੀਆਂ ਦੇ ਵੱਖ-ਵੱਖ ਖੇਡ ਮੁਕਾਬਲੇ ਬਹੁਤ ਹੀ ਦਿਲਖਿੱਚਵੇਂ ਅਤੇ ਫਸਵੇਂ ਸਨ। ਸਮਾਰੋਹ ਦੀ ਸ਼ੁਰੂਆਤ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੰਜੀਵ ਸ਼ਰਮਾ ਨੇ ਕਿਹਾ ਕਿ ਖੇਡਾਂ ਦੀ ਵਿਦਿਆਰਥੀ ਜੀਵਨ ਵਿੱਚ ਬਹੁਤ ਮਹੱਤਤਾ ਹੈ। ਖੇਡਾਂ ਨਾਲ ਵਿਦਿਆਰਥੀਆਂ ਅੰਦਰ ਸਹਿਣਸ਼ੀਲਤਾ ਦੀ ਭਾਵਨਾ ਵਿਕਸਿਤ ਹੁੰਦੀ ਹੈ। ਉਹਨਾਂ ਅੱਗੇ ਕਿਹਾ ਕਿ ਮਲਟੀਪਰਪਜ਼ ਸਕੂਲ ਖੇਡਾਂ ਦੇ ਖੇਤਰ ਵਿੱਚ ਹਮੇਸ਼ਾ ਹੀ ਵੱਡੀਆਂ ਪੁਲਾਂਘਾਂ ਪੁੱਟਦਾ ਰਿਹਾ ਹੈ। ਇਥੋਂ ਦੇ ਵਿਦਿਆਰਥੀ ਦੇ ਖਿਡਾਰੀ ਸਟੇਟ, ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ @ਤੇ ਪੰਜਾਬ ਸਮੇਤ ਭਾਰਤ ਦਾ ਨਾਮ ਚਮਕਾਅ ਰਹੇ ਹਨ। ਉਹਨਾਂ ਕਿਹਾ ਕਿ ਮੌਜੂਦਾ ਸਮੇਂ ਸਰਕਾਰੀ ਮਲਟੀਪਰਪਜ਼ ਸਕੂਲ ਚੰਗੀ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਹੱਬ ਵਜੋਂ ਵੀ ਜਾਣਿਆ ਜਾਣ ਲੱਗਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਸਕੂਲ ਪ੍ਰਿੰਸੀਪਲ ਵਿਜੇ ਕਪੂਰ ਨੇ ਆਏ ਹੋਏ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਅਤੇ ਹੋਰਨਾਂ ਦਾ ਸਵਾਗਤ ਕੀਤਾ। ਇਹਨਾਂ ਖੇਡਾਂ ਵਿੱਚ ਓਵਰ ਆਲ ਟਰਾਫੀ ਸੁਭਾਸ਼ ਚੰਦਰ ਬੋਸ ਹਾਊਸ ਨੇ ਜਿੱਤੀ। ਇਸ ਸਲਾਨਾ ਸਮਾਰੋਹ ਦੌਰਾਨ ਵਿਦਿਆਰਥੀਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਸੱਭਿਆਚਾਰਕ ਗੀਤ, ਭੰਗੜੇ ਅਤੇ ਗਿੱਧੇ ਦੀ ਪੇਸ਼ਕਾਰੀ ਦਿੱਤੀ ਗਈ। ਅਖੀਰ ਵਿੱਚ ਜੇਤੂ ਖਿਡਾਰੀਆਂ ਨੂੰ ਟਰਾਫੀਆਂ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

# 16 ਨੂੰ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਇਤਿਹਾਸ ਤੋਂ ਭਵਿੱਖ ਤੱਕ ਦੇ ਸੰਵਾਦ ਨਾਲ ਜੋੜੇਗਾ ਨਾਟਕ '1675' : ਡੀ.ਸੀ.

ਪਟਿਆਲਾ, 13 ਫਰਵਰੀ (ਰੁਪਾਣਾ) : ਪਟਿਆਲਾ ਹੈਰੀਟੇਜ ਫੈਸਟੀਵਲ-2026 ਦੀ ਪੰਜਵੀਂ ਸ਼ਾਮ 16 ਫਰਵਰੀ ਨੂੰ ਸ਼ਾਮ 6 ਵਜੇ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਸ਼ਿਰੋਮਣੀ ਰੰਗਕਰਮੀ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਡਾ. ਅਮਰਜੀਤ ਗਰੇਵਾਲ ਵੱਲੋਂ ਲਿਖੇ ਪੰਜਾਬੀ ਨਾਟਕ '1675' ਦੀ ਪੇਸ਼ਕਾਰੀ ਕੀਤੀ ਜਾਵੇਗੀ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਕੀਤਾ। ਡਿਪਟੀ ਕਮਿਸ਼ਨਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਹ ਨਾਟਕ ਦੇਖਣ ਲਈ ਜ਼ਿਲ੍ਹਾ ਨਿਵਾਸੀਆਂ ਨੂੰ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਇਸ ਨਾਟਕ ਦੀ ਐਂਟਰੀ ਫ਼ਰੀ ਹੈ, ਇਸ ਲਈ ਚਾਹਵਾਨ ਦਰਸ਼ਕ 16 ਫਰਵਰੀ ਨੂੰ ਸ਼ਾਮ 5.30 ਵਜੇ ਤੱਕ ਪਹਿਲਾਂ ਆਉ-ਪਹਿਲਾਂ ਸੀਟ ਲਉ ਮੁਤਾਬਕ ਆਪਣੀਆਂ ਸੀਟਾਂ ਲੈ ਲੈਣ। ਵਰਜੀਤ ਵਾਲੀਆ ਨੇ ਕਿਹਾ ਕਿ ਇਹ ਨਾਟਕ ਇਤਿਹਾਸ ਤੋਂ ਭਵਿੱਖ ਤੱਕ ਦੇ ਸੰਵਾਦ ਨੂੰ ਬਾਖ਼ੂਬੀ ਪੇਸ਼ ਕਰਦਾ ਹੋਇਆ 1675 ਦੇ ਚਾਂਦਨੀ ਚੌਂਕ ਦੇ ਤਸੀਹਿਆਂ ਦੇ ਇਤਿਹਾਸ ਤੋਂ 2025 ਤੱਕ ਦੇ ਆਰਟੀਫਿਸ਼ੀਲ ਇੰਟੈਲੀਜੈਂਸ ਤੇ ਪ੍ਰਯੋਗਸ਼ਾਲਾ ਭਰੇ ਸੰਸਾਰ ਨੂੰ ਦਿਖਾਏਗਾ। ਇਸੇ ਦੌਰਾਨ ਇਸ ਨਾਟਕ ਦੇ ਨੋਡਲ ਅਫ਼ਸਰ ਤੇ ਐਸ.ਡੀ.ਐਮ ਨਮਨ ਮਾਰਕੰਨ ਨੇ ਇਸ ਨਾਟਕ ਦੇ ਮੰਚਨ ਲਈ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨਾਲ ਬੈਠਕ ਕੀਤੀ। ਉਨ੍ਹਾਂ ਦੱਸਿਆ ਕਿ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਵਿਰਾਸਤੀ ਮੇਲੇ ਦੌਰਾਨ ਮੰਚ-ਰੰਗਮੰਚ, ਅੰਮ੍ਰਿਤਸਰ ਦੀ ਟੀਮ ਵੱਲੋਂ ਪੰਜਾਬੀ ਨਾਟਕ '1675' ਦੀ ਪੇਸ਼ਕਾਰੀ ਕੀਤੀ ਜਾਵੇਗੀ। ਨਮਨ ਮਾਰਕੰਨ ਨੇ ਪਟਿਆਲਵੀਆਂ ਨੂੰ ਸੱਦਾ ਦਿੱਤਾ ਕਿ ਉਹ 16 ਫਰਵਰੀ ਨੂੰ ਸ਼ਾਮ 5.30 ਵਜੇ ਤੱਕ ਆਪਣੀਆਂ ਸੀਟਾਂ 'ਤੇ ਵਿਰਾਜਮਾਨ ਹੋ ਜਾਣ ਤਾਂਕਿ ਸਮੇਂ-ਸਿਰ ਨਾਟਕ ਦਾ ਮੰਚਨ ਕੀਤਾ ਜਾ ਸਕੇ।

# ਸਮਾਣਾ ਗਰਿਡ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ ਅੱਜ ਕਰਵਾਏ ਜਾਣਗੇ

ਸਮਾਣਾ, 13 ਫਰਵਰੀ (ਸੁਖਜਿੰਦਰ ਸਿੰਘ ਕੁਲਾਰਾਂ) : ਸਮਾਣਾ ਗਰਿੱਡ ਵਿਖੇ ਅੱਜ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਏ ਜਾਣਗੇ ਜਿਨ੍ਹਾਂ ਦੇ ਭੋਗ 16 ਫਰਵਰੀ ਦਿਨ ਸੋਮਵਾਰ ਨੂੰ ਸਵੇਰੇ 11 ਵਜੇ ਪਾਏ ਜਾਣਗੇ।ਇਸ ਮੌਕੇ ਬਿਜਲੀ ਅਧਿਕਾਰੀਆਂ ਵੱਲੋਂ ਗੱਲਬਾਤ ਕਰਦਿਆਂ ਕਿਹਾ ਕਿ ਹਰ ਸਾਲ ਇਲਾਕੇ ਦੀ ਸੁੱਖ ਸ਼ਾਂਤੀ ਲਈ ਗਰਿੱਡ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾਂਦੇ ਹਨ। ਇਸ ਵਾਰ 14 ਫਰਵਰੀ ਦਿਨ ਸ਼ਨੀਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਏ ਜਾਣਗੇ ਅਤੇ 16 ਫਰਵਰੀ ਦਿਨ ਸੋਮਵਾਰ ਨੂੰ ਭੋਗ ਪਾਏ ਜਾਣਗੇ। ਉਨ੍ਹਾਂ ਕਿਹਾ ਕਿ ਸ਼ਿਵਰਾਤਰੀ ਦੇ ਤਿਹਾਰ ਨੂੰ ਮੁੱਖ ਰੱਖਦਿਆਂ 15 ਫਰਵਰੀ ਨੂੰ ਲੰਗਰ ਵਰਤਾਇਆ ਜਾਵੇਗਾ। ਉਨ੍ਹਾਂ ਇਲਾਕੇ ਦੇ ਪੰਚ ਸਰਪੰਚਾਂ ਅਤੇ ਕਿਸਾਨ ਯੂਨੀਅਨ ਅਤੇ ਸਮੂਹ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਹਾਜ਼ਰੀ ਲਵਾਉਣ ਲਈ ਬੇਨਤੀ ਕੀਤੀ।

# ਮਨੋਹਰ ਲਾਲ ਪਵਾਰ ਲੇਖਕ-ਪੱਤਰਕਾਰ ਨੇ ਐਲ.ਕੇ.ਯਾਦਵ ਏ.ਡੀ.ਜੀ.ਪੀ. ਨੂੰ ਵਧਾਈ ਦਿੱਤੀ



ਪਟਿਆਲਾ, 13 ਫਰਵਰੀ (ਚ.ਨ.ਸ.) : ਬੀਤੇ ਦਿਨੀਂ ਸ਼੍ਰੀ ਮਨੋਹਰ ਲਾਲ ਪਵਾਰ, ਲੇਖਕ-ਪੱਤਰਕਾਰ ਨੇ ਸ਼੍ਰੀ ਐਲ.ਕੇ. ਯਾਦਵ, ਆਈ.ਪੀ.ਐਸ., ਏ.ਡੀ.ਜੀ.ਪੀ. (ਬੀ.ਓ.ਆਈ.) ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਸਨਮਾਨਿਤ ਕਰਨ ਵੱਜੋਂ ਉਨ੍ਹਾਂ ਨੂੰ ਪੰਜਾਬ ਪੁਲਿਸ ਹੈੱਡ ਕੁਆਟਰ ਚੰਡੀਗੜ੍ਹ ਵਿਖੇ ਜਾ ਕੇ ਬੁੱਕਾਂ ਦੇ ਕੇ ਸਨਮਾਨਿਤ ਕੀਤਾ।ਜ਼ਿਕਰਯੋਗ ਹੈ ਕਿ ਸ਼੍ਰੀ ਯਾਦਵ ਸੰਨ 2004 ਈ. ਦੌਰਾਨ ਜ਼ਿਲ੍ਹਾ ਪਟਿਆਲਾ ਵਿਖੇ ਐਸ.ਪੀ.ਹੈੱਡ ਕੁਆਟਰ, ਪਟਿਆਲਾ ਤਾਇਨਾਤ ਰਹੇ ਸਨ ਅਤੇ ਆਪਣੀ ਸ਼ਾਨਦਾਰ ਕਾਰਜਸ਼ੈਲੀ ਕਾਰਨ ਪਬਲਿਕ ਅਤੇ ਮੁਲਾਜਮਾਂ ਵਿੱਚ ਬਹੁਤ ਚਰਚਾ ਵਿੱਚ ਰਹੇ ਅਤੇ ਲੋਕਾਂ ਨੇ ਇਨ੍ਹਾਂ ਦੀ ਬਹੁਤ ਸਹਾਰਨਾ ਕੀਤੀ, ਜਦੋਂ ਉਹ ਪਟਿਆਲਾ ਐਸ.ਪੀ.(ਹੈੱਡਕੁਆਰਟਰ) ਤੈਨਾਤ ਸਨ ਤਾਂ ਲੋਕਾਂ ਅਤੇ ਪੁਲਿਸ ਮੁਲਾਜ਼ਮਾਂ ਦੀ ਭਲਾਈ ਲਈ ਬਹੁਤ ਸਾਰੇ ਚੰਗੇ ਕੰਮ ਕੀਤੇ ਜਿਵੇਂ ਕਿ ਮੁਲਾਜਮਾਂ ਦੀ ਸੁਰੱਖਿਆ ਲਈ ਬਾਊਂਡਰੀਵਾਲ, ਮੁਲਾਜਮ ਦਰਜਾ ਤਿੰਨ ਅਤੇ ਚਾਰ ਦੇ ਹੱਥੋਂ ਤਰ੍ਹਾਂ ਤਰ੍ਹਾਂ ਦੇ ਪੇਡ ਪੌਦੇ ਲਗਵਾਏ, ਬੱਚਿਆਂ ਦੇ ਖੇਡਣ ਲਈ ਪਲੇਅ ਗਰਾਊਂਡ ਆਦਿ ਕੰਮ ਕਰਵਾਏ. ਇਸ ਮਗਰੋਂ ਉਹ ਜ਼ਿਲ੍ਹਾ ਰੋਪੜ ਦੇ ਬਤੌਰ ਕਪਤਾਨ ਪੁਲਿਸ ਅਤੇ ਮੁਕਤਸਰ ਸ਼ਹਿਰ ਵਿਖੇ ਵੀ ਬਤੌਰ ਕਪਤਾਨ ਪੁਲਿਸ ਤੈਨਾਤ ਰਹੇ ਅਤੇ ਇਸ ਸਮੇਂ ਦੌਰਾਨ ਵੀ ਉਨ੍ਹਾਂ ਨੇ ਲੋਕ ਭਲਾਈ ਅਤੇ ਮੁਲਾਜ਼ਮਾਂ ਦੇ ਹਿੱਤਾਂ ਲਈ ਬਹੁਤ ਸਾਰੇ ਕੰਮ ਕੀਤੇ ਅਤੇ ਸ਼੍ਰੀ ਯਾਦਵ ਜੀ ਪਟਿਆਲਾ ਵੀ ਬਤੌਰ ਡੀ.ਆਈ.ਜੀ. ਤੈਨਾਤ ਰਹੇ। ਸ਼੍ਰੀ ਯਾਦਵ ਸਾਹਿਬ ਨੇ ਵੀ ਮਨੋਹਰ ਲਾਲ ਪਵਾਰ ਨੂੰ ਪੰਜਾਬ ਸਰਕਾਰ ਵੱਲੋਂ ਗਣਤੰਤਰ ਦਿਵਸ 'ਤੇ ਬਤੌਰ ਪੱਤਰਕਾਰ ਸਨਮਾਨਿਤ ਹੋਣ ਕਾਰਨ ਵਧਾਈ ਦਿੱਤੀ ਅਤੇ ਆਪਣੇ ਸ਼ੁਭ ਹੱਥਾਂ ਨਾਲ ਪਵਾਰ ਦਾ ਮਿੱਠਾ ਮੂੰਹ ਕਰਵਾਇਆ। ਸ੍ਰੀ ਯਾਦਵ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਤੁਸੀਂ ਚਾਰ ਦਹਾਕਿਆਂ ਦੇ ਵੱਧ ਸਮੇਂ ਤੋਂ ਲੇਖਨ-ਪੱਤਰਕਾਰਤਾ ਦੇ ਖੇਤਰ ਵਿੱਚ ਆਪਣੀ ਵਿਸ਼ੇਸ਼ ਪਹਿਚਾਣ ਬਣਾਈ ਹੈ। ਇਸੇ ਲਈ ਪੰਜਾਬ ਸਰਕਾਰ ਨੇ ਤੁਹਾਡੀ ਪਹਿਚਾਣ ਕਰਕੇ ਆਪ ਨੂੰ ਸਨਮਾਨਿਤ ਕੀਤਾ ਹੈ। ਇਸ ਮੌਕੇ ਮਨੋਹਰ ਲਾਲ ਦਾ ਪੋਤਾ ਅਭਿਸ਼ੇਕ ਪਵਾਰ ਵੀ ਮੌਜੂਦ ਸੀ।

# ਬਿਜਲੀ ਸਪਲਾਈ ਨੂੰ ਲੈ ਕੇ ਕਿਸਾਨਾਂ ਵੱਲੋਂ ਧਰਨਾ



ਸ਼ੇਰਪੁਰ, 13 ਫਰਵਰੀ (ਬਲਜੀਤ ਸਿੰਘ ਟਿੱਬਾ) : ਖੇਤੀ ਮੋਟਰਾਂ 'ਤੇ ਬਿਜਲੀ ਸਪਲਾਈ ਨੂੰ ਲੈ ਕੇ ਅੱਜ ਪਿੰਡ ਟਿੱਬਾ ਦੇ ਕਿਸਾਨਾਂ ਵੱਲੋਂ ਫੂਲੀਵਾਲ ਗਰਿਡ ਅੱਗੇ ਧਰਨਾ ਦੇ ਕੇ ਖੇਤੀ ਮੋਟਰਾਂ ਨੂੰ ਪਿਛਲੇ ਦੋ ਦਿਨਾਂ ਤੋਂ ਸਪਲਾਈ ਨਾ ਮਿਲਣ ਕਾਰਨ ਰੋਸ਼ ਧਰਨਾ ਦਿੱਤਾ ਗਿਆ, ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਪਿੰਡ ਟਿੱਬਾ ਦੀ ਇਕਾਈ ਦੇ ਆਗੂਆਂ ਨੇ ਕਿਸਾਨਾਂ ਦੀ ਹਿਮਾਇਤ 'ਚ ਭਾਗ ਲਿਆ। ਇਸ ਮੌਕੇ ਕਿਸਾਨ ਜਸਵੀਰ ਸਿੰਘ ਜੱਸੀ ਜਵੰਦਾ ਨੇ ਦੱਸਿਆ ਕਿ ਠੁੱਲੀਵਾਲ ਗਰੈਡ ਤੋਂ ਪਿਛਲੇ ਦੋ ਦਿਨਾਂ ਤੋਂ ਬਿਜਲੀ ਸਪਲਾਈ ਖੇਤੀ ਮੋਟਰਾਂ ਨੂੰ ਨਹੀਂ ਆ ਰਹੀ ਜਿਸ ਕਰਕੇ ਕਣਕ ਦੀ ਫਸਲ ਨੂੰ ਭਾਰੀ ਨੁਕਸਾਨ ਆ ਰਿਹਾ ਹੈ, ਜਿਸ ਕਰਕੇ ਅੱਜ ਕਿਸਾਨਾਂ ਨੇ ਇਕੱਠੇ ਹੋ ਕੇ ਠੁੱਲੀਵਾਲ ਗਰਿਡ ਅੱਗੇ ਆਪਣਾ ਰੋਸ ਧਰਨਾ ਦਿੱਤਾ। ਇਸ ਮੌਕੇ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਪਿੰਡ ਟਿੱਬਾ ਦੇ ਇਕਾਈ ਪ੍ਰਧਾਨ ਗੁਰਜੰਟ ਸਿੰਘ ਸਰਾਂ ਨੇ ਦੱਸਿਆ ਕਿ ਕਿਸਾਨਾਂ ਦੇ ਰੋਸ ਧਰਨੇ ਤੋਂ ਬਾਅਦ ਬਿਜਲੀ ਗਰਿਡ ਨੇ ਲਗਾਤਾਰ ਰੋਜ਼ਾਨਾ ਅੱਠ ਘੰਟੇ ਸਪਲਾਈ ਦੇਣ ਦਾ ਵਾਅਦਾ ਕੀਤਾ ਜਿਸ ਤੋਂ ਬਾਅਦ ਇਹ ਧਰਨਾ ਸਮਾਪਤ ਕਰ ਦਿੱਤਾ ਗਿਆ। ਇਸ ਮੌਕੇ ਕਿਸਾਨ ਆਗੂ ਚਰਨ ਸਿੰਘ ਟਿੱਬਾ ਤੋਂ ਇਲਾਵਾ ਹੋਰ ਕਿਸਾਨ ਹਾਜ਼ਰ ਸਨ।

# ਪਬਲਿਕ ਕਾਲਜ ਦੇ ਐਨ.ਸੀ.ਸੀ. ਕੈਡਿਟਾਂ ਨੇ ਪੁਲਵਾਮਾ ਆਤੰਕੀ ਹਮਲੇ 'ਚ ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਦਿੱਤੀ



ਸਮਾਣਾ, 13 ਫਰਵਰੀ (ਵਿਜੇ ਕੁਮਾਰ/ਜਵੰਦਾ) : ਪਬਲਿਕ ਕਾਲਜ, ਸਮਾਣਾ ਦੇ 5 ਪੰਜਾਬ ਬਟਾਲੀਅਨ ਐਨ.ਸੀ.ਸੀ. ਯੂਨਿਟ ਵੱਲੋਂ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਸਿੱਧੂ ਦੀ ਅਗਵਾਈ ਹੇਠ ਪੁਲਵਾਮਾ ਆਤੰਕੀ ਹਮਲਾ 2019 ਵਿੱਚ ਸ਼ਹੀਦ ਹੋਏ ਸੀ.ਆਰ.ਪੀ.ਐਫ. ਦੇ ਜਵਾਨਾਂ ਨੂੰ ਸ਼ਰਧਾਂਜਲੀ ਦੇਣ ਲਈ ਕਾਲਜ ਕੈਂਪਸ ਵਿਖੇ ਇੱਕ ਭਾਵਪੂਰਨ ਪ੍ਰੋਗਰਾਮ ਰੱਖਿਆ ਗਿਆ। ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਸ਼ਹੀਦਾਂ ਦੇ ਬਲਿਦਾਨ ਨੂੰ ਯਾਦ ਕਰਦੇ ਹੋਏ ਦੇਸ਼ ਭਗਤੀ ਅਤੇ ਰਾਸ਼ਟਰ ਸੇਵਾ ਤੇ ਜ਼ੋਰ ਦਿੱਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾ. ਹਰਕੀਰਤਨ ਕੌਰ, ਲੈਫਟੀਨੈਂਟ ਡਾ. ਅਨਿਲ ਕੁਮਾਰ, ਡਾ. ਸ਼ੇਰ ਸਿੰਘ ਅਤੇ ਪ੍ਰੋ. ਦੀਪਕ ਸ਼ਰਮਾ ਅਤੇ ਐਨ.ਸੀ.ਸੀ. ਕੈਡਿਟਾਂ ਨੇ ਮੋਮਬੱਤੀਆਂ ਜਗਾ ਕੇ ਅਤੇ ਦੋ ਮਿੰਟ ਦਾ ਮੋਨ ਰੱਖ ਕੇ ਸ਼ਹੀਦਾਂ ਦੀ ਯਾਦ ਵਿਚ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣਾ ਅਤੇ ਨੌਜਵਾਨਾਂ ਨੂੰ ਦੇਸ਼ ਭਗਤੀ ਦੀ ਭਾਵਨਾਂ ਲਈ ਪ੍ਰੇਰਿਤ ਕਰਨਾ ਸੀ। ਇਸ ਮੌਕੇ ਡਾ. ਹਰਕੀਰਤਨ ਕੌਰ ਨੇ ਐਨ.ਸੀ.ਸੀ. ਕੈਡਿਟਸ ਨੂੰ ਇਸ ਆਤੰਕੀ ਹਮਲੇ ਵਿਚ ਸ਼ਹੀਦ ਹੋਏ ਜਵਾਨਾਂ ਦੇ ਮਹਾਨ ਤਿਆਗ ਬਾਰੇ ਜਾਣਕਾਰੀ ਦਿੱਤੀ।

# ਡਾ. ਬੀ.ਐਸ. ਸੰਧੂ ਸਕੂਲ ਵਿਖੇ ਮਹਾ-ਸ਼ਿਵਰਾਤਰੀ ਦਾ ਤਿਉਹਾਰ ਮਨਾਇਆ



ਭੁਨਰਹੇੜੀ, 13 ਫਰਵਰੀ (ਗੁਰਜੀਤ ਸਿੰਘ ਢੋਟ) : ਘੜਾਮ ਰੋਡ, ਜੁਲਾਹ ਖੇੜੀ ਸਥਿਤ ਡਾ. ਬੀ.ਐਸ. ਸੰਧੂ ਮੈਮੋਰੀਅਲ ਪਬਲਿਕ ਸਕੂਲ ਵਿੱਚ ਅੱਜ ਮਹਾਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਬੜੀ ਧੂਮ-ਧਾਮ ਅਤੇ ਅਧਿਆਤਮਿਕ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ । ਸਮਾਗਮ ਦੌਰਾਨ ਵਿਦਿਆਰਥੀਆਂ ਨੇ ਭਗਵਾਨ ਸ਼ਿਵ ਦੀ ਮਹਿਮਾ ਦਾ ਗੁਣਗਾਨ ਕਰਦੇ ਹੋਏ ਭਜਨ, ਆਰਤੀ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ। ਸਕੂਲ ਦੇ ਚੇਅਰਮੈਨ ਸ੍ਰ. ਹਰਦੀਪ ਸਿੰਘ ਸੰਧੂ ਨੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਸ਼ਿਵਰਾਤਰੀ ਦੀ ਵਧਾਈ ਦਿੱਤੀ । ਸਕੂਲ ਦੀ ਮੈਨੇਜਿੰਗ ਡਾਇਰੈਕਟਰ ਰਜਿੰਦਰ ਕੌਰ ਸੰਧੂ ਨੇ ਭਗਵਾਨ ਸ਼ਿਵ ਦੇ ਜੀਵਨ ਤੋਂ ਪ੍ਰੇਰਣਾ ਲੈਣ ਦਾ ਸੰਦੇਸ਼ ਦਿੱਤਾ। ਸਕੂਲ ਦੀ ਪ੍ਰਿੰਸੀਪਲ ਤਰਨਦੀਪ ਕੌਰ ਅਰੋੜਾ ਨੇ ਕਿਹਾ ਕਿ ਸਕੂਲ ਦਾ ਉਦੇਸ਼ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਦੇ ਨਾਲ-ਨਾਲ ਆਪਣੇ ਧਰਮ ਅਤੇ ਸੱਭਿਆਚਾਰ ਦਾ ਸਤਿਕਾਰ ਕਰਨਾ ਸਿਖਾਉਣਾ ਵੀ ਹੈ।

## ਦੋ ਨਸ਼ਾ ਤਸਕਰਾਂ ਨੂੰ ਸਜ਼ਾ ਸੁਣਾ ਕੇ ਕੀਤਾ ਅੰਡਰਗਾਨ

ਪਟਿਆਲਾ, 13 ਫਰਵਰੀ (ਵਿਨੋਦ ਸ਼ਰਮਾ) : ਵਧੀਕ ਸੈਸ਼ਨ ਜੱਜ ਅਮਰੀਸ਼ ਕੁਮਾਰ ਦੀ ਅਦਾਲਤ ਨੇ ਦੋ ਵਿਅਕਤੀਆਂ ਖੰਨਾ ਅਤੇ ਪ੍ਰਿੰਸ ਵਾਸੀ ਬਾਬਾ ਜੀਵਨ ਸਿੰਘ ਕਲੋਨੀ ਪਾਸੀ ਰੋਡ ਪਟਿਆਲਾ ਨੂੰ ਸਜ਼ਾ ਸੁਣਾ ਕੇ ਅੰਡਰਗਾਨ ਕੀਤਾ ਹੈ ਅਤੇ ਪੱਚੀ-ਪੱਚੀ ਸੌ ਜੁਰਮਾਨਾ ਭਰਨ ਦੇ ਆਦੇਸ਼ ਵੀ ਦਿੱਤੇ ਹਨ। ਪੁਲਿਸ ਨੇ ਸਾਲ 2021 ਵਿਚ ਥਾਣਾ ਸਿਵਲ ਲਾਈਨ ਵਿਖੇ ਮਾਮਲਾ ਦਰਜ ਕੀਤਾ ਸੀ।

# ਜਵਾਹਰ ਨਵੋਦਿਆ ਵਿਦਿਆਲਿਆ ਫਤਿਹਪੁਰ ਰਾਜਪੂਤਾਂ ਵਿਖੇ ਫੁਟਬਾਲ ਟੂਰਨਾਮੈਂਟ ਕਰਵਾਇਆ

## ➢ਖੇਡਾਂ ਬੱਚਿਆਂ ਲਈ ਬੇਹਦ ਜ਼ਰੂਰੀ : ਚੇਅਰਮੈਨ ਸੰਧੂ, ਡਾ. ਗਾਂਧੀ



ਭੁਨਰਹੇੜੀ, 13 ਫਰਵਰੀ (ਗੁਰਜੀਤ ਸਿੰਘ ਢੋਟ) : "FAS football for School" (ਫੈਸ ਫੁੱਟਬਾਲ ਫਾਰ ਸਕੂਲ) ਸਕੀਮ ਤਹਿਤ ਕੇਂਦਰ ਸਰਕਾਰ ਦੁਆਰਾ ਵੱਖ-ਵੱਖ ਸਰਕਾਰੀ ਸਕੂਲਾਂ ਨੂੰ ਫੁਟਬਾਲ ਖੇਡਾਂ ਦੇ ਕੇ ਸਕੂਲੀ ਬੱਚਿਆਂ ਨੂੰ ਮਾਨਸਿਕ ਅਤੇ ਸਰੀਰਕ ਤੌਰ ਤੇ ਤੰਦਰੁਸਤ ਰੱਖਣ ਲਈ ਇੱਕ ਵਧੀਆ ਉਪਰਾਲਾ ਹੈ ਅਤੇ ਖੇਡਾਂ ਬੱਚਿਆਂ ਲਈ ਬੇਹੱਦ ਜ਼ਰੂਰੀ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਸਟੇਟ ਕੰਟੇਨਰ ਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮ: ਦੇ ਵਾਈਸ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਵੱਲੋਂ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਦੇ ਨਾਲ ਜਵਾਹਰ ਨਵੋਦਿਆ ਵਿਦਿਆਲਿਆ ਫਤਿਹਪੁਰ ਰਾਜਪੂਤਾਂ ਵਿਖੇ ਸਮਾਗਮ ਵਿੱਚ ਸ਼ਮੂਲੀਅਤ ਕਰਨ ਦੌਰਾਨ ਕੀਤਾ। ਇਸ ਸਮਾਗਮ ਵਿੱਚ ਪ੍ਰੋਫੈਸਰ ਜਸਵੰਤ ਸਿੰਘ, ਡੀਐਸਪੀ ਦਰਸ਼ਨਜੀਤ ਸਿੰਘ, ਸੰਤੋਖ ਸਿੰਘ ਜੇਐਨਬੀ ਐਲੂਮਨੀ ਹਰਵਿੰਦਰ ਸਿੰਘ, ਵਿਦਿਆਲਿਆ ਦੇ ਪ੍ਰਿੰਸੀਪਲ ਗੁਰਜਿੰਦਰ ਸਿੰਘ ਵੱਲੋਂ ਫੁੱਟਬਾਲ ਟੂਰਨਾਮੈਂਟ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚ ਕੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ। ਇੰਦਰਜੀਤ ਸਿੰਘ ਸੰਧੂ ਨੇ ਕਿਹਾ ਕਿ ਇਸ ਸਕੀਮ ਤਹਿਤ ਕੇਂਦਰ ਸਰਕਾਰ ਦੁਆਰਾ ਵੱਖ ਵੱਖ ਸਰਕਾਰੀ ਸਕੂਲਾਂ ਨੂੰ ਫੁੱਟਬਾਲਾਂ ਫੁੱਟਬਾਲ ਕਿੱਟਾਂ ਦੇ ਕੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਦਾ ਉਪਰਾਲਾ ਬੇਹਦ ਸ਼ਲਾਗਾਯੋਗ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਬੱਚਿਆਂ ਦੀ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

# ਪ੍ਰਾਚੀਨ ਸ਼ਿਵਾ ਜੀ ਮੰਦਰ ਕਰਹਾਲੀ ਸਾਹਿਬ ਵਿਖੇ ਮਹਾਂ-ਸ਼ਿਵਰਾਤਰੀ ਉਤਸਵ ਅੱਜ ਤੋਂ ਸ਼ੁਰੂ : ਸਿੰਗਲਾ



ਡਕਾਲਾ/ਬਲਬੇੜ੍ਹਾ, 13 ਫਰਵਰੀ (ਗੁਰਸੇਵਕ ਸਿੰਘ ਕਰਹਾਲੀ ਸਾਹਿਬ) : ਪ੍ਰਾਚੀਨ ਸ਼ਿਵਾ ਜੀ ਮੰਦਰ ਕਰਹਾਲੀ ਸਾਹਿਬ ਵਿਖੇ ਮਹਾਂ ਸ਼ਿਵਰਾਤਰੀ ਦਾ ਦਿਹਾੜਾ 14 ਅਤੇ 15 ਫਰਵਰੀ ਨੂੰ ਸ਼ਰਧਾ ਭਾਵਨਾ ਸਹਿਤ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਸ੍ਰੀ ਸ਼ਿਵ ਦੁਰਗਾ ਮੰਦਰ ਧਰਮਸ਼ਾਲਾ ਕਮੇਟੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪ੍ਰਾਚੀਨ ਸ਼ਿਵਾ ਜੀ ਮੰਦਰ ਕਰਹਾਲੀ ਸਾਹਿਬ (ਪਟਿਆਲਾ) ਵਿਖੇ ਮਹਾਂ ਸ਼ਿਵਰਾਤਰੀ ਉਤਸਵ 14-15 ਫਰਵਰੀ ਦਿਨ ਸ਼ਨੀਵਾਰ ਤੇ ਐਤਵਾਰ ਨੂੰ ਸਮੂਹ ਨਗਰ ਨਿਵਾਸੀ ਕਰਹਾਲੀ ਸਾਹਿਬ ਦੇ ਸਹਿਯੋਗ ਸਦਕਾ ਮਨਾਇਆ ਜਾ ਰਿਹਾ ਹੈ। ਇਸ ਮੌਕੇ ਮੁਨਿਤ ਸਿੰਗਲਾ ਪ੍ਰਧਾਨ ਸ੍ਰੀ ਸ਼ਿਵ ਦੁਰਗਾ ਮੰਦਰ ਧਰਮਸ਼ਾਲਾ ਕਮੇਟੀ ਨੇ ਦੱਸਿਆ ਕਿ ਭਗਵਾਨ ਸ਼ਿਵਾ ਜੀ ਮਹਾਰਾਜ ਦਾ ਗੁਣਗਾਨ ਕਰਨ ਲਈ ਜਿੱਥੇ ਭਜਨ ਕਰਤਾ ਸੁਰੇਸ ਗਰੇਵਾਲ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ ਉੱਥੇ ਇੰਟਰਨੈਸ਼ਨਲ ਜੰਗਮ ਪਾਰਟੀ ਪਟਿਆਲਾ ਦੀ ਟੀਮ ਵੀ ਇਸ ਮਹਾਂ ਸ਼ਿਵਰਾਤਰੀ ਉਤਸਵ ਵਿੱਚ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਉਣਗੇ, ਸ੍ਰੀ ਸਿੰਗਲਾ ਨੇ ਦੱਸਿਆ ਕਿ 14 ਫਰਵਰੀ ਰਾਤ 7 ਵਜੇ ਭਗਵਾਨ ਸ੍ਰੀ ਸ਼ਿਵਾ ਜੀ ਮਹਾਰਾਜ ਦੇ ਵਿਆਹ ਦੀ ਜਾਗੋ ਕੱਢੀ ਜਾਵੇਗੀ।

# ਸਕੂਲ ਆਫ ਐਮੀਨੈਂਸ ਬਲਬੇੜ੍ਹਾ ਦੇ ਐਨ.ਸੀ.ਸੀ. ਵਿੰਗ ਵੱਲੋਂ ਨਸ਼ਾ ਛੁਡਾਊ ਰੈਲੀ



ਡਕਾਲਾ/ਬਲਬੇੜ੍ਹਾ, 13 ਫਰਵਰੀ (ਗੁਰਸੇਵਕ ਸਿੰਘ ਕਰਹਾਲੀ ਸਾਹਿਬ) : ਸਕੂਲ ਆਫ ਐਮੀਨੈਂਸ ਬਲਬੇੜ੍ਹਾ ਦੇ ਐਨ.ਸੀ.ਸੀ ਕੈਂਪਸ ਨੇ ਸਕੂਲ ਵਿੱਚ ਨਸ਼ਾ ਮੁਕਤੀ ਰੈਲੀ ਕੀਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਬਿਕਰਮਜੀਤ ਦੀ ਅਗਵਾਈ ਹੇਠ ਨਸ਼ਾ ਮੁਕਤੀ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਨੂੰ ਉਹਨਾਂ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਹ ਜਾਣਕਾਰੀ ਸਾਂਝੀ ਪ੍ਰੈਸ ਨਾਲ ਸਾਂਝੀ ਕਰਦੇ ਹੋਏ ਸਕੂਲ ਦੇ ਡੀ.ਪੀ.ਈ ਮੋਹਤ ਕੁਮਾਰ ਨੇ ਦੱਸਿਆ ਕਿ ਪਿਛਲੇ ਸਾਲ ਤੋਂ ਸਕੂਲ ਆਫ ਐਮੀਨੈਂਸ ਬਲਬੇੜ੍ਹਾ ਵਿੱਚ ਐਨ.ਸੀ.ਸੀ ਕੈਂਪਸ ਦਾ ਪਹਿਲਾ ਬੈਚ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਸਕੂਲ ਆਫ ਐਮੀਨੈਂਸ ਬਲਬੇੜ੍ਹਾ ਦੇ ਵਿਦਿਆਰਥੀਆਂ ਨੂੰ ਡਿਸਿਪਲਨ, ਉੱਚ ਪੱਧਰੀ ਲੀਡਰਸ਼ਿਪ, ਤੇ ਸੈਲਫ ਡਿਫੈਂਸ ਦੇ ਨਾਲ ਨਾਲ ਦੇਸ਼ ਦੀ ਆਰਮੀ ਦੇ ਰੂਲ ਅਤੇ ਰੈਗੂਲੇਸ਼ਨ ਅਤੇ ਸਮੇਂ ਦੀ ਕਦਰ ਕਰਨੀ ਸਿਖਾਉਣ ਲਈ ਇੱਕ ਵਧੀਆ ਉੱਦਮ ਉਪਰਾਲਾ ਹੈ, ਉਹਨਾਂ ਦੱਸਿਆ ਕਿ ਐਨ.ਸੀ.ਸੀ ਦੇ ਆਰਮੀ ਵਿੰਗ ਦੇ ਪਹਿਲੇ ਬੈਚ ਵਿੱਚ ਸਕੂਲ ਦੇ 25 ਵਿਦਿਆਰਥੀ ਸ਼ਾਮਿਲ ਹਨ। ਇਹ ਆਰਮੀ ਵਿੰਗ ਭਾਰਤੀ ਫੌਜ ਦੀ ਪੰਜ ਪੰਜਾਬ ਬਟਾਲੀਅਨ ਦੁਆਰਾ ਚਲਾਈ ਜਾ ਰਹੀ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਬਿਕਰਮਜੀਤ ਨੇ ਕਿਹਾ ਕਿ ਨਸ਼ਾ ਸਾਡੇ ਸਮਾਜ ਵਿੱਚ ਨੌਜਵਾਨੀ ਨੂੰ ਖੋਖਲਾ ਕਰ ਰਿਹਾ ਹੈ, ਜਿਸ ਦੇ ਬੁਰੇ ਪ੍ਰਭਾਵ ਕਾਰਨ ਸਾਡੀ ਨੌਜਵਾਨੀ ਜਿੱਥੇ ਸਰੀਰਕ ਤੌਰ ਤੇ ਕਮਜ਼ੋਰ ਹੋ ਰਹੀ ਹੈ। ਸ੍ਰੀ ਬਿਕਰਮਜੀਤ ਨੇ ਕਿਹਾ ਕਿ ਨਸ਼ੇ ਦੀ ਇਸ ਭੈੜੀ ਅਲਾਮਤ ਤੋਂ ਸਾਡੇ ਆਉਣ ਵਾਲੇ ਭਵਿੱਖ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਰਲ-ਮਿਲ ਕੇ ਨਸ਼ੇ ਵਿਰੁੱਧ ਜਾਗਰੂਕ ਹੋਣ ਦੀ ਲੋੜ ਹੈ, ਤਾਂ ਕਿ ਇਸ ਬੁਰਾਈ ਨੂੰ ਸਮਾਜ ਵਿੱਚੋਂ ਖਤਮ ਕਰਿਆ ਜਾ ਸਕੇ। ਇਸ ਮੌਕੇ ਭਾਰਤੀ ਫੌਜ ਦੀ ਪੰਜ ਪੰਜਾਬ ਬਟਾਲੀਅਨ ਵੱਲੋਂ ਪੀ.ਆਈ ਪ੍ਰੇਮ ਕੁਮਾਰ, ਮੈਡਮ ਮੁਨਾਕਸ਼ੀ, ਨੇਹਾ, ਅੰਜੂ ਮੈਡਮ, ਗੁਰਦੀਪ ਮੈਡਮ, ਸੁਰਿੰਦਰ ਸਿੰਘ ਆਦਿ ਤੋਂ ਇਲਾਵਾ ਕੈਂਪਸ ਮੈਨੇਜਰ ਮੱਖਣ ਸਿੰਘ ਹਾਜ਼ਰ ਸਨ।

# ਰਾਜ ਪੱਧਰੀ ਟੀਚਰ ਫੈਸਟ 'ਚ ਸਾਇੰਸ ਮਿਸਟ੍ਰੈੱਸ ਮਿਸ ਰਾਜਦੀਪ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ



ਦੇਵੀਗੜ੍ਹ, 13 ਫਰਵਰੀ (ਗੁਰਜੀਤ ਸਿੰਘ ਢੋਟ) : ਸਰਕਾਰੀ ਹਾਈ ਸਕੂਲ ਰਾਜਪੁਰਾ ਟਾਊਨ ਲਈ ਬਹੁਤ ਮਾਣ ਦੀ ਗੱਲ ਹੈ ਕਿ ਸਕੂਲ ਦੀ ਸਾਇੰਸ ਮਿਸਟ੍ਰੈੱਸ ਮਿਸ ਰਾਜਦੀਪ ਕੌਰ ਨੇ ਰਾਜ ਪੱਧਰੀ ਟੀਚਰ ਫੈਸਟ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਇਹ ਰਾਜ ਪੱਧਰੀ ਟੀਚਰ ਫੈਸਟ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਸਾਰੇ ਜ਼ਿਲ੍ਹਿਆਂ ਦੇ ਪਹਿਲਾ ਸਥਾਨ ਹਾਸਲ ਕਰਨ ਵਾਲੇ ਅਧਿਆਪਕਾਂ ਨੇ ਦੱਸ ਵੱਖ-ਵੱਖ ਸ਼੍ਰੇਣੀਆਂ ਹੇਠ ਭਾਗ ਲਿਆ। ਮਿਸ ਰਾਜਦੀਪ ਕੌਰ ਨੇ "Real Life Application of Subject Knowledge" ਸ਼੍ਰੇਣੀ ਹੇਠ ਭਾਗ ਲਿਆ ਅਤੇ ਆਪਣੇ ਪ੍ਰੋਜੈਕਟ "Superstitions Uncovered: A Scientific View" ਦੀ ਪ੍ਰਸਤੁਤੀ ਕੀਤੀ। ਆਪਣੇ ਵਿਸ਼ੇ ਰਾਹੀਂ ਉਨ੍ਹਾਂ ਨੇ ਦਰਸਾਇਆ ਕਿ ਉਹ ਵਿਦਿਆਰਥੀਆਂ ਨੂੰ ਵਿਗਿਆਨਿਕ ਸੋਚ ਵਾਲਾ ਬਣਾਉਣ ਲਈ ਕਿਵੇਂ ਪ੍ਰੇਰਿਤ ਕਰਦੀਆਂ ਹਨ, ਤਾਂ ਜੋ ਸਮਾਜ ਵਿੱਚ ਫੈਲੇ ਝੂਠੇ ਧਾਰਮਿਕ ਅੰਧਵਿਸ਼ਵਾਸ ਅਤੇ ਢੋਂਗੀ ਬਾਬਿਆਂ ਤੋਂ ਬਚਿਆ ਜਾ ਸਕੇ। ਉਨ੍ਹਾਂ ਦੀ ਮਿਹਨਤ, ਲਗਨ ਅਤੇ ਨਵੀਨ ਸੋਚ ਦੇ ਨਤੀਜੇ ਵਜੋਂ ਰਾਜ ਪੱਧਰ 'ਤੇ ਤੀਜਾ ਸਥਾਨ ਪ੍ਰਾਪਤ ਹੋਇਆ।

# ਪ੍ਰੀਖਿਆਵਾਂ ਤੋਂ ਪਹਿਲਾਂ ਸਹੀ ਤਿਆਰੀ ਸਫ਼ਲਤਾ ਨੂੰ ਦੁੱਗਣੀ ਕਰ ਦਿੰਦੀ ਹੈ: ਅਨਿਲ ਭਾਰਤੀ



ਪਟਿਆਲਾ, 13 ਫਰਵਰੀ (ਚ.ਨ.ਸ.) : ਸ਼੍ਰੀ ਸਨਾਤਨ ਧਰਮ ਸਭਾ ਰਜਿਸਟਰਡ ਪਟਿਆਲਾ ਦੁਆਰਾ ਚਲਾਏ ਜਾ ਰਹੇ ਸ਼ਹਿਰ ਦੇ 101 ਸਾਲ ਪੁਰਾਣੇ ਇਤਿਹਾਸਕ ਸਕੂਲ, ਐਸ ਡੀ ਐਸ ਈ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਲਈ ਚੰਗੀ ਤਰ੍ਹਾਂ ਤਿਆਰੀ ਕਰਨ ਅਤੇ ਚੰਗੇ ਅੰਕ ਪ੍ਰਾਪਤ ਕਰਨ ਦੇ ਗੁਰ ਸਿਖਾਉਣ ਲਈ ਇੱਕ ਵਿਸ਼ੇਸ਼ ਸੈਸ਼ਨ ਦਾ ਆਯੋਜਨ ਕੀਤਾ ਗਿਆ। ਸਭਾ ਦੇ ਪ੍ਰਧਾਨ ਸ਼੍ਰੀ ਲਾਲ ਚੰਦ ਜਿੰਦਲ, ਸੀਨੀਅਰ ਉਪ ਪ੍ਰਧਾਨ ਵਿਜੇ ਮੋਹਨ ਗੁਪਤਾ, ਉਪ ਪ੍ਰਧਾਨ ਐਨ.ਕੇ. ਜੈਨ, ਜਨਰਲ ਸਕੱਤਰ ਅਨਿਲ ਗੁਪਤਾ, ਅਤੇ ਸਕੂਲ ਮੈਨੇਜਰ ਇੰਜੀਨੀਅਰ ਐਮ.ਐਮ. ਸਿਆਲ ਦੀ ਯੋਗ ਅਗਵਾਈ ਹੇਠ ਆਯੋਜਿਤ, ਇਸ ਵਿਸ਼ੇਸ਼ ਸੈਸ਼ਨ ਦੀ ਪ੍ਰਧਾਨਗੀ ਸਕੂਲ ਦੇ ਪ੍ਰਿੰਸੀਪਲ, ਸ਼੍ਰੀ ਰਿਪੁਦਮਨ ਸਿੰਘ ਨੇ ਕੀਤੀ, ਜੋ ਕਿ ਸਕੂਲ ਦੀ ਰਣਨੀਤੀ ਦੇ ਇੱਕ ਹਿੱਸੇ ਵਜੋਂ ਸਾਰੇ ਵਿਦਿਆਰਥੀਆਂ ਨੂੰ ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ ਅਪਣਾਈ ਗਈ ਹੈ। ਸੈਸ਼ਨ ਵਿੱਚ ਮੌਜੂਦ 500 ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਇਸੇ ਸਕੂਲ ਤੋਂ ਸੇਵਾਮੁਕਤ ਹੋਏ ਸਮਾਜਿਕ ਵਿਗਿਆਨ ਅਧਿਆਪਕ, ਅਨਿਲ ਕੁਮਾਰ ਭਾਰਤੀ ਨੇ ਦੱਸਿਆ ਕਿ ਸਹੀ ਤਕਨੀਕਾਂ ਨਾਲ ਪ੍ਰੀਖਿਆਵਾਂ ਦੀ ਤਿਆਰੀ ਸਫਲਤਾ ਨੂੰ ਦੁੱਗਣੀ ਕਿਵੇਂ ਕਰ ਸਕਦੀ ਹੈ। ਇਸੇ ਤਰ੍ਹਾਂ, ਜਦੋਂ ਕਿ ਤੀਜੇ ਦਿਨ ਨਵੀਂ ਸਮੱਗਰੀ ਨੂੰ ਯਾਦ ਕਰਨਾ ਚੰਗਾ ਹੁੰਦਾ ਹੈ, ਪਿਛਲੇ ਦੋ ਦਿਨਾਂ ਵਿੱਚ ਸਿੱਖੇ ਗਏ ਕੰਮ ਨੂੰ ਦੁਹਰਾਉਣ ਨਾਲ ਸ਼ਾਨਦਾਰ ਨਤੀਜੇ ਮਿਲਦੇ ਹਨ। ਇਸ ਮੌਕੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ, ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਕਿਹਾ ਕਿ ਐਸ ਡੀ ਐਸ ਈ ਸੀਨੀਅਰ ਸੈਕੰਡਰੀ ਸਕੂਲ ਨਾ ਸਿਰਫ਼ ਪਟਿਆਲਾ ਵਿੱਚ ਸਗੋਂ ਪੂਰੇ ਰਾਜ ਵਿੱਚ ਆਪਣੀ ਗੁਣਵੱਤਾ ਵਾਲੀ ਸਿੱਖਿਆ ਅਤੇ ਖੇਡਾਂ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਪ੍ਰਦਰਸ਼ਨ ਲਈ ਜਾਣਿਆ ਜਾਂਦਾ ਹੈ। ਸਕੂਲ ਦੇ ਵਾਈਸ ਪ੍ਰਿੰਸੀਪਲ ਦਿਨੇਸ਼ ਸ਼ਰਮਾ ਨੇ ਲੇਖਕ ਅਤੇ ਸਿੱਖਿਆ ਸ਼ਾਸਤਰੀ ਅਨਿਲ ਕੁਮਾਰ ਭਾਰਤੀ ਦਾ ਮੁੱਖ ਬੁਲਾਰੇ ਵਜੋਂ ਇਸ ਵਿਸ਼ੇਸ਼ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।